ਜੈ ਗੁਰਦੇਵ! T-22 ਧੰਨ ਗੁਰਦੇਵ!

ਇਹੁ ਜਨਮੁ ਤੁਮ੍ਹਾਰੇ ਲੇਖੇ॥



ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ

# ਤਨਿ ਸੁਗੰਧ ਢੂਢੈ ਪ੍ਰਦੇਸੁ

ਟ੍ਰੈਕਟ ਨੰ: 22 | ਪਹਿਲੀ ਵਾਰ 6000 | ਫਰਵਰੀ 2012

ਪ੍ਰਕਾਸ਼ਕ (ਰਜਿ ਨੰ: 179-2006-07)

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਹੈਡ ਆਫਿਸ: ਪਿੰਡ ਤੇ ਡਾਕਖਾਨਾ ਬਿਨਪਾਲਕੇ, ਨੇੜੇ ਭੋਗਪੁਰ, ਜਿਲ੍ਹਾ ਜਲੰਧਰ 144201,

ਮੋਬਾਇਲ: 98148 39944 ਈਮੇਲ: sgrmpsp@hotmail.com

ਕੀਮਤ: ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ

## ਬਸੰਤੁ ਬਾਣੀ ਰਵਿਦਾਸ ਜੀ ਕੀ (ਪੰਨਾ 1196)

## ੴ ਸਤਿਗੁਰ ਪ੍ਰਸਾਦਿ

**ਤੁਝਹਿ ਸੁਝੰਤਾ ਕਛੂ ਨਾਹਿ ॥ ਪਹਿਰਾਵਾ ਦੇਖੇ ਊਭਿ ਜਾਹਿ ॥**

ਹੇ ਜੀਵ ! ਤੈਨੂੰ ਘੁਮੰਡ ਵਿੱਚ ਕੁਝ ਚੰਗਾ ਨਹੀਂ ਸੁਝਦਾ। ਤੂੰ ਆਪਣੇ ਪਹਿਰਾਵੇ ਨੂੰ ਵੇਖ ਕੇ ਆਕੜਦਾ ਫਿਰਦਾ ਏਂ।

**ਗਰਬਵਤੀ ਕਾ ਨਾਹੀ ਠਾਉ ॥ ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥**

ਹੰਕਾਰੀ ਦਾ ਜਿਵੇਂ ਘਰ ਵਿੱਚ ਮਾਣ ਨਹੀਂ ਹੁੰਦਾ ਇਹੋ ਹਾਲ ਜੀਵ ਦਾ ਪ੍ਰਭੂ ਦਰਬਾਰ ਵਿੱਚ ਹੈ ਜਿਸ ਦੇ ਸਿਰ 'ਤੇ ਮੌਤ ਰੂਪੀ ਕਾਂ ਕੂਕਦਾ ਹੈ।

**ਤੂ ਕਾਂਇ ਗਰਬਹਿ ਬਾਵਲੀ ॥ ਜੈਸੇ ਭਾਦਉ ਖੂੰਬਰਾਜੁ**

**ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥**

ਨਿਮਾਣੀ ਜਿੰਦੇ, ਤੂੰ ਕਿਉਂ ਘੁਮਡ ਕਰਦੀ ਏਂ। ਤੇਰਾ ਜੀਵਨ ਤਾਂ ਭਾਦੋਂ ਦੀ ਖੁੰਬ ਵਾਂਗ ਤੁਰਤ ਮੁੱਕਣ ਵਾਲਾ ਹੈ।

**ਜੈਸੇ ਕੁਰੰਕ ਨਹੀ ਪਾਇਓ ਭੇਦੁ ॥ ਤਨਿ ਸੁਗੰਧ ਢੂਢੈ ਪ੍ਰਦੇਸੁ ॥**

ਜਿਵੇਂ ਹਿਰਨ ਨੂੰ ਕਸਤੂਰੀ ਦੇ ਭੇਦ ਦਾ ਪਤਾ ਨਹੀਂ ਲੱਗਦਾ। ਉਸ ਦੇ ਸਰੀਰ ਵਿੱਚ ਹੀ ਕਸਤੂਰੀ ਦੀ ਸੁਗੰਧ ਹੈ, ਉਹ ਬਾਹਰੋਂ ਢੂੰਡਦਾ ਹੈ।

**ਅਪ ਤਨ ਕਾ ਜੋ ਕਰੇ ਬੀਚਾਰੁ ॥ ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥**

ਆਪਣੇ ਤਨ ਅੰਦਰੋਂ ਜੋ ਜੀਵ ਪ੍ਰਭੂ ਬਾਰੇ ਸੋਚੇ। ਉਸ ਨੂੰ ਜਮਦੂਤ ਖੱਜਲ ਖੁਆਰ ਨਹੀਂ ਕਰਦੇ।

**ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥**

ਜੋ ਜੀਵ ਆਪਣੇ ਪੁੱਤਰ-ਇਸਤਰੀ ਦੇ ਮੋਹ ਵੱਸ ਹੰਕਾਰ ਕਰਦਾ ਹੈ, ਪ੍ਰਭੂ ਉਸ ਕੋਲੋਂ ਧਰਮ-ਕਰਮ ਦਾ ਲੇਖਾ ਮੰਗਦਾ ਹੈ।

**ਫੇੜੇ ਕਾ ਦੁਖੁ ਸਹੈ ਜੀਉ ॥ ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥**

ਮਨੁੱਖ ਨੂੰ ਆਪਣੇ ਕੀਤੇ ਕੁਕਰਮਾਂ ਦਾ ਦੁੱਖ ਸਹਿਣਾ ਪੈਂਦਾ ਹੈ, ਧਰਮ ਰਾਜ ਦੇ ਦਿੱਤੇ ਕਸ਼ਟ ਪਿੱਛੋਂ ਜੀਵ ਤੂੰ ਕਿਸ ਨੂੰ ਪੀਆ ਕਹਿ ਮਦਦ ਮੰਗੇਂਗਾ।

**ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥**

ਜੋ ਜੀਵ ਸੰਤਾਂ ਦੀ ਓਟ ਵਿੱਚ ਰਹਿੰਦਾ ਹੈ, ਉਸ ਦੇ ਕਰੋੜਾਂ ਹੀ ਪਾਪ ਧੋਤੇ ਜਾਂਦੇ ਹਨ।

**ਕਹਿ ਰਵਿਦਾਸ ਜੁ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥**

ਗੁਰੂ ਰਵਿਦਾਸ ਜੀ ਦਾ ਕਹਿਣਾ ਹੈ ਜੋ ਜੀਵ ਨਾਮ ਜਪਦਾ ਹੈ, ਉਸਦੀ ਕਿਸੇ ਜ਼ਾਤ, ਜਨਮ, ਜੂਨੀ ਨਾਲ ਕੰਮ ਨਹੀਂ ਰਹਿੰਦਾ, ਮੁਕਤ ਹੋ ਜਾਂਦਾ ਹੈ।


ਟ੍ਰੈਕਟ ਨੰ: 22 | ਪਹਿਲੀ ਵਾਰ 6000 | ਫਰਵਰੀ 2012

ਪ੍ਰਕਾਸ਼ਕ

**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)** (ਰਜਿ ਨੰ: 179-2006-07)



ਹੈਡ ਆਫਿਸ: ਪਿੰਡ ਤੇ ਡਾਕਖਾਨਾ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ 144201,

ਮੋਬਾਇਲ: 98148 39944 ਈਮੇਲ: sgrmpsp@hotmail.com


Find us on Facebook



# ਪਾਠਕਾਂ ਨੂੰ ਅਰਜੋਈ

ਪਰਮ ਪਿਤਾ ਪ੍ਰਮਾਤਮਾ ਵੱਲੋਂ ਮਨੁੱਖ ਪ੍ਰਣਾਲੀ ਨੂੰ ਸ਼ਬਦਾਂ ਵਿਚ ਆਪਣੇ ਵਿਚਾਰ ਪ੍ਰਗਟ ਕਰਨ ਤੇ ਫਿਰ ਲਿਖ ਕੇ ਉਹਨਾਂ ਨੂੰ ਸਥਾਈ ਰੂਪ ਵਿੱਚ ਰੱਖਣ ਦੀ ਵਿਸ਼ੇਸ਼ ਯੋਗਤਾ ਪ੍ਰਦਾਨ ਕੀਤੀ ਹੋਈ ਹੈ। ਮਾਨਵਪ੍ਰਾਣੀ ਜਦੋਂ ਆਪਣੇ ਬਚਪਨੇ ਨੂੰ ਪਾਰ ਕਰਕੇ ਜਵਾਨੀ ਦੇ ਮਾਰਗ ਤੇ ਪੈਰ ਧਰਦਾ ਹੈ ਤਾਂ ਉਸ ਦੀ ਸੋਚਣੀ ਵਿੱਚ ਪ੍ਰੋੜਤਾ ਆ ਜਾਂਦੀ ਹੈ। ਇਸ ਉਮਰ ਵਿੱਚ ਉਹ ਆਪਣੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਹ ਯੋਜਨਾ ਉਸ ਦਾ ਭਵਿੱਖ ਨਿਰਧਾਰਿਤ ਕਰਦੀ ਹੈ। ਕਈ ਤਾਂ ਰੋਟੀ-ਰੋਜ਼ੀ ਦੇ ਪ੍ਰਬੰਧ ਵਿੱਚ ਨੈਤਿਕਤਾ ਤਿਆਗ ਕੇ ਕਮਾਈ ਕਰਦੇ ਹਨ ਤਾਂ ਉਹ ਦੂਜਿਆਂ ਦਾ ਹੱਕ ਮਾਰਦੇ ਹਨ। ਕਈ ਆਪਣੇ ਅਗਲੇਰੇ ਜੀਵਨ ਨੂੰ ਇੰਨੇ ਸੁਚੱਜੇ ਢੰਗ ਨਾਲ ਯੋਜਨਾਬਧ ਕਰਦੇ ਹਨ ਕਿ ਉਹ ਆਪਣੇ ਭਲੇ ਦੇ ਨਾਲ-ਨਾਲ ਜਗਤ ਕਲਿਆਣ ਦਾ ਬੀੜਾ ਵੀ ਚੁੱਕ ਲੈਂਦੇ ਹਨ। ਉਹਨਾਂ ਭੱਦਰ ਪੁਰਖਾਂ ਵਿੱਚੋਂ ਇਕ ਹੈ ਚਰਨਜੀਤ ਸਿੰਘ ਭੁੱਟਾ (ਰਾਣਾ) ਸਪੁੱਤਰ ਸਵਰਗੀ ਸ੍ਰੀ ਅਰਜਨ ਰਾਮ ਜੀ ਤੇ ਮਾਤਾ ਸ੍ਰੀਮਤੀ ਨੰਤ ਕੌਰ ਪਿੰਡ ਤੇ ਡਾ.ਬਿਨਪਾਲਕੇ (ਭੋਗਪੁਰ) ਜਲੰਧਰ।

ਚਰਨਜੀਤ ਸਿੰਘ ਜੀ ਨੇ ਆਪਣੇ ਜੀਵਨ ਵਿਚ ਜਾਣਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਇਕ ਅਜਿਹੀ ਬਾਣੀ ਹੈ ਜੋ ਭਗਵਾਨ ਅਤੇ ਇਨਸਾਨ ਦੋਹਾਂ ਨਾਲ ਮਨੁੱਖ ਨੂੰ ਜੋੜਦੀ ਹੈ। ਜੋ ਆਪਣਾ ਆਪ ਅਤੇ ਸੰਸਾਰ ਦਾ ਕਲਿਆਣ ਕਰਨ ਦੇ ਸਮਰਥ ਹੈ। ਇਸ ਮੰਤਵ ਨੂੰ ਪੂਰਾ ਕਰਨ ਲਈ ਸ੍ਰੀ ਚਰਨਜੀਤ ਸਿੰਘ ਨੇ ਸੰਨ 1996 ਈਸਵੀ ਨੂੰ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ ਬਿਨਪਾਲਕੇ (ਭੋਗਪੁਰ) ਜਲੰਧਰ ਦੇ ਨਾਮ ਨਾਲ ਇਕ ਸੰਸਥਾ ਦਾ ਗਠਨ ਕੀਤਾ। ਇਸ ਨੇ ਆਪਣੇ ਸਹਿਯੋਗੀਆਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਦਾ ਪ੍ਰਚਾਰ-ਪ੍ਰਸਾਰ ਕੀਤਾ। ਇਸ ਬਾਣੀ ਰਾਹੀਂ ਸਮਾਜ ਨੂੰ ਪ੍ਰਭ ਨਾਲ ਜੋੜਿਆ ਤਾਂ ਜੋ ਸਮਾਜ ਦੀ ਭਲਾਈ ਹੋਵੇ। ਵਹਿਮ-ਭਰਮ ਦੂਰ ਹੋਣ, ਫਜ਼ੂਲ ਖਰਚੀ ਘਟੇ ਨਸ਼ਿਆਂ ਦਾ ਤਿਆਗ ਹੋਵੇ ਤੇ ਭਾਈਚਾਰੇ ਵਿੱਚ ਪ੍ਰੇਮ ਪਿਆਰ ਭਾਵਨਾ ਉਜਾਗਰ ਹੋਵੇ। ਇਸ ਕਾਰਜ ਨੂੰ ਇਸ ਨੇ ਪਿਛਲੇ 25 ਸਾਲਾਂ ਤੋਂ ਸਫਲਤਾ ਨਾਲ ਚਲਾਇਆ। ਫਿਰ ਇਸ ਦਾ ਕੇਂਦਰ ਖੇਤਰ ਵੱਡਾ ਕੀਤਾ ਗਿਆ ਤੇ ਇਸ ਨੂੰ ਪੰਜਾਬ ਪੱਧਰ ਤੇ ਵਿਸਥਾਰ ਕੀਤਾ ਗਿਆ ਤੇ ਇਸ ਦਾ ਮੁੱਖ ਦਫਤਰ ਬਿਨਪਾਲਕੇ ਤੋਂ ਜਲੰਧਰ ਸ਼ਹਿਰ ਤਬਦੀਲ ਕੀਤਾ ਗਿਆ ਜਿਸ ਦੇ ਪ੍ਰਧਾਨ ਸਤਿਕਾਰਯੋਗ ਰਛਪਾਲ ਸਿੰਘ ਜੀ ਬੱਧਣ ਬਣੇ। ਸੰਸਥਾ ਦੇ ਚਲਾਉਣ ਵਿੱਚ ਕੁਝ ਆਉਣ-ਜਾਣ ਦੀਆਂ ਔਕੜਾਂ ਆਉਣ ਕਰਕੇ ਇਸ ਨੂੰ ਮੁੜ ਬਿਨਪਾਲਕੇ ਪਿੰਡ ਲੈ ਆਂਦਾ ਗਿਆ ਹੈ ਤੇ ਇਸ ਦੀ ਨਵੀਂ ਚੋਣ ਕਰਕੇ ਮੈਨੂੰ (ਦਾਸ ਲੇਖਕ ਨੂੰ) ਇਸ ਦਾ ਪ੍ਰਧਾਨ ਬਣਾਇਆ ਗਿਆ ਹੈ।

ਸੰਸਥਾ ਹਰੇਕ ਸਾਲ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਤੇ ਉਹਨਾਂ ਦੀ ਬਾਣੀ, ਵਿਚਾਰਧਾਰਾ ਅਤੇ ਲੋਕ ਹਿੱਤ ਲਿਟਰੇਚਰ ਲੇਖ ਟ੍ਰੈਕਟਾਂ ਦੇ ਰੂਪ ਵਿਚ ਛਾਪ ਕੇ ਸੰਗਤਾਂ ਨੂੰ ਮੁਫਤ ਵੰਡਦੇ ਹਨ। ਇਹ ਕਾਰਜ ਕਰਦਿਆਂ ਸਾਡੇ ਤਜ਼ਰਬੇ ਵਿੱਚ ਆਇਆ ਹੈ ਕਿ ਕਈ ਪਾਠਕ ਜਾਂ ਤਾਂ ਇਸ ਨੂੰ ਪੜ੍ਹਦੇ ਨਹੀਂ ਜਾਂ ਫਿਰ ਉਹਨਾਂ ਨੂੰ ਸਾਡਾ ਕਾਰਜ ਪਸੰਦ ਨਹੀਂ ਆਉਂਦਾ। ਭਾਵੇਂ ਅਸੀਂ ਪੈਂਫਲਿਟ ਮੁੱਫਤ ਵੰਡਦੇ ਹਾਂ ਪਰ ਇਸ ਦੀ ਛਪਾਈ ਉਪਰ ਕੀਤਾ ਹੋਇਆ ਖਰਚ ਕਿਸੇ ਦੀ ਖੂਨ ਪਸੀਨੇ ਦੀ ਕਮਾਈ ਦਾ ਹੁੰਦਾ ਹੈ ਕਿਉਂਕਿ ਸੰਸਥਾ ਪਾਸ ਇਸ ਪੈਂਫਲਿਟ ਨੂੰ ਛਪਵਾਉਣ ਲਈ ਕੋਈ ਪੈਸਾ ਨਹੀਂ ਹੁੰਦਾ ਤੇ ਇਹ ਮਾਇਕ ਸਹਾਇਤਾ ਕਿਸੇ ਇਕ ਜਾਂ ਕੁੱਝ ਸੱਜਣ ਪ੍ਰੇਮੀਆਂ ਕੋਲੋਂ ਲਈ ਜਾਂਦੀ ਹੈ। ਕਿਸੇ ਦੀ ਖੂਨ ਪਸੀਨੇ ਦੀ ਕਮਾਈ ਐਵੇਂ ਰੋੜ ਦਿੱਤੀ ਜਾਵੇ ਸਾਡੀ ਆਤਮਾ ਸਾਨੂੰ ਆਗਿਆ ਨਹੀਂ ਦਿੰਦੀ। ਅੱਜ ਤੱਕ ਦੇਸ਼-ਪ੍ਰਦੇਸ਼ਾਂ ਤੋਂ ਬਹੁਤ ਸਾਰੇ ਦਾਨੀ ਪੁਰਖਾਂ ਨੇ ਇਸ ਸੰਸਥਾ ਦੀ ਮਾਲੀ ਸਹਾਇਤਾ ਕੀਤੀ ਹੈ ਤੇ ਹਰ ਵਰੇ ਹਜ਼ਾਰਾਂ ਰੁਪਏ ਦਾ ਖਰਚਾ ਆਉਂਦਾ ਹੈ। ਦਾਨੀ ਸੱਜਣਾਂ ਦੀ ਕਮਾਈ ਦਾ ਉਪਯੋਗ ਕਰਦੇ ਹੋਏ ਸਾਡਾ ਵੀ ਕੁੱਝ ਕਰਤਵ (ਫਰਜ਼) ਬਣਦਾ ਹੈ।

ਅਸੀਂ ਪਾਠਕਾਂ ਕੋਲੋਂ ਚਾਹੁੰਦੇ ਹਾਂ ਕਿ ਉਹ ਸਾਡੇ ਕੀਤੇ ਕੰਮ ਦਾ ਕੁੱਝ ਮੁੱਲ ਤਾਂ ਪਾਉਣ। ਉਹਨਾਂ ਅੱਗੇ ਅਰਜੋਈ (ਬੇਨਤੀ) ਕਰਦੇ ਹਾਂ ਕਿ ਉਹ ਇਹ ਪੈਂਫਲਿਟ ਪੜ੍ਹਨ ਤੇ ਪੜ੍ਹ ਕੇ ਸਾਨੂੰ ਕੋਈ ਸੇਧ ਦੇਣ। ਇਸ ਵਿੱਚ ਸੁਧਾਰ ਦੇ ਨੁਕਤੇ ਲਿਖਣ। ਸਾਡੀ ਭੁੱਲ ਜਾਂ ਅਣਗਹਿਲੀ ਵੱਲ ਸੰਕੇਤ ਕਰਨ। ਅਜਿਹਾ ਕੁੱਝ ਵੀ ਨਾ ਹੋਣ ਦੀ ਸੂਰਤ ਵਿੱਚ ਜਿਥੇ ਅਸੀਂ ਆਪਣੇ ਆਪ ਨੂੰ ਨਕਾਰਾ ਸਮਝਾਂਗੇ ਉਥੇ ਪਾਠਕ ਵੀ ਆਪਣੀ ਯੋਗਤਾ ਵਿੱਚ ਅਸਫਲ ਦਿਸਣਗੇ। ਸਾਡੀ ਮੰਗ ਹੈ ਕਿ ਸਾਨੂੰ ਸਾਡੇ ਮਿਸ਼ਨ ਪ੍ਰਚਾਰ ਦੇ ਕੰਮ ਨੂੰ ਘੋਖ ਪੜਤਾਲ ਕਰਕੇ ਇਸ ਨੂੰ ਹੋਰ ਚੰਗਾ ਬਣਾਉਣ ਵਿੱਚ ਸਾਨੂੰ ਸਹਿਯੋਗ ਦਿਉ। ਇਹੋ ਸਾਡੀ ਵਾਰ-ਵਾਰ ਅਰਜ਼ੋਈ ਹੈ। ਧੰਨਵਾਦ ■

ਦਾਸ ''ਰਾਮਧਨ ਨਾਂਗਲੂ'', ਪ੍ਰਧਾਨ
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)



## ਸਿਧਾਂਤਕ ਉਪਦੇਸ਼ਾਂ ਦੇ ਸਿਰਜਕ

# ਸ੍ਰੀ ਗੁਰੂ ਰਵਿਦਾਸ ਜੀ

ਸ੍ਰੀ ਗੁਰੂ ਰਵਿਦਾਸ ਜੀ ਦੁਨੀਆਂ ਦੇ ਪਹਿਲੇ ਅਜਿਹੇ ਰਹਿਬਰ ਹੋਏ ਹਨ, ਜਿਨ੍ਹਾਂ ਨੇ ਵਿਸ਼ਵ ਧਰਮ, ਵਿਸ਼ਵ ਸ਼ਾਂਤੀ ਅਤੇ ਵਿਸ਼ਵ ਸਾਂਝੀਵਾਲਤਾ ਦੇ ਅਤਿ ਆਧੁਨਿਕ ਅਤੇ ਅਮਲ ਵਿੱਚ ਪੂਰਾ ਉਤਰਨ ਵਾਲਾ ਪੈਗਾਮ ਦਿੱਤਾ ਹੈ। ਸਾਰਾ ਸੰਸਾਰ ਅੱਜ ਪ੍ਰਮਾਣੂ ਤੇ ਹਾਈਡਰੋਜਨ ਬੰਬਾਂ ਦੇ ਅੰਬਾਰ ਤੇ ਖੜ੍ਹਾ ਹੈ। ਅਜਿਹੀ ਮਨੁੱਖਤਾ ਮਾਰੂ ਸੋਚ ਨੂੰ ਉਖਾੜਨ ਲਈ ਕੇਵਲ ਸ੍ਰੀ ਗੁਰੂ ਰਵਿਦਾਸ ਵਿਚਾਰਧਾਰਾ ਹੀ ਸਹਾਈ ਹੋ ਸਕਦੀ ਹੈ। ਇਸ ਮਹਾਨ ਸਮਾਜ-ਵਿਗਿਆਨੀ ਜਗਤ ਗੁਰੂ ਦਾ ਆਗਮਨ ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਭਾਵ ਜਨਵਰੀ 1377ਵੀਂ ਈ: ਨੂੰ ਸੀਰ ਗੋਵਰਧਨਪੁਰ (ਉੱਤਰ ਪ੍ਰਦੇਸ਼) ਵਿਚ ਹੋਇਆ ਆਪ ਜੀ ਦੇ ਪਿਤਾ ਦਾ ਨਾਮ ਸਤਿਕਾਰਯੋਗ ਸੰਤੋਖ ਦਾਸ ਜੀ ਅਤੇ ਮਾਤਾ ਜੀ ਦਾ ਨਾਮ ਆਦਰਯੋਗ ਮਾਤਾ ਕਲਸਾਂ ਦੇਵੀ ਜੀ ਸੀ।

ਗੁਰੂ ਜੀ ਬਚਪਨ ਤੋਂ ਹੀ ਸਾਧੂ ਸਭਾਅ ਵਾਲੇ ਤਿਆਗ ਦੀ ਮੂਰਤ ਸਨ, ਦੀਨ-ਦੁਖੀਆਂ ਗਰੀਬਾਂ ਦੀ ਮਦਦ ਕਰਨ ਵਾਲੇ ਸਨ। ਗੁਰੂ ਜੀ ਨੇ ਆਪਣੇ ਘਰ ਵਿੱਚ ਗਰੀਬਾਂ ਦੇ ਲਈ ਮੁਫਤ ਦਵਾਖਾਨਾ ਵੀ ਖੋਲ੍ਹ ਰੱਖਿਆ ਸੀ। ਜਿੱਥੇ ਗੁਰੂ ਜੀ ਸ਼ਾਂਤ ਸੁਭਾਅ ਨਿਮਰਤਾ ਦੇ ਪੁੰਜ ਸਨ, ਉੱਥੇ ਕਰਾਂਤੀਕਾਰੀ ਰਹਿਬਰ ਵੀ ਸਨ। ਆਪ ਜੀ ਨੇ ਸਮਾਜ ਵਿੱਚ ਚੱਲ ਰਹੀਆਂ ਰੂੜੀਵਾਦੀ ਅਤੇ ਪਖੰਡੀ ਕਦਰਾਂ-ਕੀਮਤਾਂ ਦਾ ਡੱਟ ਕੇ ਵਿਰੋਧ ਕੀਤਾ। ਬੜੀ ਹੈਰਾਨੀ ਹੁੰਦੀ ਹੈ ਕਿ ਅੱਜ ਤੋਂ 600 ਸਾਲ ਤੋਂ ਵੱਧ ਸਮਾਂ ਪਹਿਲਾਂ ਇਕ ਗਰੀਬ ਲਿਤਾੜੇ ਸਮਾਜ ਵਿੱਚ ਪੈਦਾ ਹੋਏ ਰਹਿਬਰ ਨੇ ਅਜਿਹਾ ਉਪਦੇਸ਼ ਦਿੱਤਾ ਹੈ, ਜਿਹੜਾ ਇਕ ਕੌਮ-ਮਜ਼ਬ ਦੇਸ਼ ਲਈ ਨਾ ਹੋ ਕੇ ਸਗੋਂ ਸਾਰੇ ਵਿਸ਼ਵ ਦੇ ਵਾਸਤੇ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਊਚ-ਨੀਚ, ਜਾਤ-ਪਾਤ, ਰੰਗ-ਨਸਲ ਦੇਸ਼-ਪ੍ਰਦੇਸ਼ ਦੇ ਹੱਦ ਬੰਨਿਆਂ ਤੋਂ ਉਪਰ ਉਠਕੇ ਵਿਸ਼ਵ ਸਾਂਝੀਵਾਲਤਾ ਦੀ ਗੱਲ ਕੀਤੀ ਹੈ। ਮਾਰਕਸ ਅਤੇ ਲੈਨਿਨ ਅਮਲ ਵਿਚ ਪੂਰੀ ਉਤਰਨ ਵਾਲੀ ਵਿਚਾਰਧਾਰਾ ਨਹੀਂ ਦੇ ਸਕੇ, ਜਿਹੜੀ ਵਿਚਾਰਧਾਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਦਿੱਤੀ ਹੈ। ਡਾ.ਜੀਤ ਸਿੰਘ ਸੀਤਲ ਲਿਖਦੇ ਹਨ:

''ਜਦ ਅਸੀਂ ਗੁਰੂ ਰਵਿਦਾਸ ਦੇ ਸ਼ਬਦ ਬੇਗਮਪੁਰਾ ਸਹਰ ਕੋ ਨਾਉ ॥ ਨੂੰ ਵੇਖਦੇ ਹਾਂ ਤਾਂ ਵੱਡੇ ਵੱਡੇ ਸਮਾਜ ਵਿਗਿਆਨੀ ਬੁੱਧੀ ਜੀਵੀ ਤੇ ਰਾਜਸੀ ਸ਼ਾਸਤਰੀ ਚਕ੍ਰਿਤ ਰਹਿ ਜਾਂਦੇ ਹਨ। ਮਾਰਕਸ ਲੈਨਿਨ ਆਦਿ ਵੀ ਸ਼ਾਇਦ ਅਜਿਹੇ ਸਮ ਦੇਸ਼ ਸਮ ਰਾਜ ਸਮ ਸ਼ਹਿਰੀ ਸਮ ਅਧਿਕਾਰੀ ਤੇ ਮਾਨਵ ਵਤਨਗਾਹ ਦਾ ਸੰਕਲਪ ਨਾ ਕਰ ਸਕੇ।' ਡਾ.ਜੀਤ ਸਿੰਘ ਸੀਤਲ ਆਪਣੀ ਲਿਖਤਾਂ ਵਿੱਚ ਗੁਰੂ ਰਵਿਦਾਸ ਜੀ ਨੂੰ ਮਹਾਨਤਮ ਚਿੰਤਕ ਪ੍ਰਵਾਨ ਕਰਦੇ ਹਨ।

ਕਿਸੇ ਭਗਤ ਤੇ ਅਜਿਹੇ ਰਾਜਸੀ ਸਮਾਜਿਕ ਆਰਥਿਕ ਜਾਂ ਭੂਗੋਲਿਕ ਅੰਤਰ ਰਾਸ਼ਟਰੀ ਦੇਸ਼ ਦੀ ਸਥਾਪਨਾ ਦੀ ਗੱਲ ਨਹੀਂ ਕੀਤੀ। ਅੱਜ ਤੋਂ ਛੇ ਸੌ ਸਾਲ ਪਹਿਲਾ ਅਜਿਹੇ ਵਤਨ ਜਾਂ ਸਰਵ ਮਾਨਵੀ ਦੇਸ਼ ਬਾਰੇ ਸੋਚਦਾ ਤੇ ਅਲ ਐਲਾਨੀਆਂ ਉਸਦੀ ਰੂਪ-ਰੇਖਾ ਉਲੀਕਣਾ ਗੁਰੂ ਰਵਿਦਾਸ ਜਿਹੇ ਵਿਸ਼ਵ ਮਾਨਵ ਦੇਵਤਾ

ਸਮਾਨ ਪੁਰਸ਼ ਤੇ ਗੁਰੂ ਰੂਪ ਭਗਤ ਦੇ ਹਿੱਸੇ ਹੀ ਆ ਸਕਿਆ ਜਿਨ੍ਹਾਂ ਦੀ ਮਹਾਨ ਪ੍ਰਤਿਭਾ ਸਾਹਮਣੇ ਸਾਡਾ ਸੀਸ ਆਪ ਮੁਹਾਰੇ ਹੀ ਝੁਕ ਜਾਂਦਾ ਹੈ। ਡਾ. ਸੁਰਿੰਦਰ ਕੁਮਾਰ ਦਵੇਸ਼ਰਵਰ ਸ੍ਰੀ ਗੁਰੂ ਰਵਿਦਾਸ ਜੀ ਦੀ ਬੇਗਮਪੁਰਾ ਦੀ ਵਿਚਾਰਧਾਰਾ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਨੂੰ ਰੂਸੋ ਅਤੇ ਵਾਲਟੇਅਰ ਪੂਰਵਜ਼ ਸਥਾਪਤ ਕਰਦੇ ਹਨ। ਰੂਸੋ ਦੇ ਸੁਤੰਤਰਤਾ ਬਰਾਬਰੀ ਅਤੇ ਭਾਈਚਾਰਕ ਸਾਂਝ ਦੇ ਜਿਨ੍ਹਾਂ ਵਿਚਾਰਾਂ ਨੂੰ ਇਹ ਸਮਝਿਆ ਜਾਂਦਾ ਹੈ ਕਿ ਇਹ ਸੰਸਾਰ ਵਿੱਚ ਇਕ ਨਵੀਂ ਵਿਚਾਰਕ ਕ੍ਰਾਂਤੀ ਦੇ ਜਨਮ ਦਾਤਾ ਹਨ। ਅਸਲ ਇਹ ਵਿਚਾਰ ਤਾਂ ਭਾਰਤੀ ਸੰਤ ਪਰੰਪਰਾ ਵਿੱਚ ਚੌਦਵੀਂ-ਪੰਦਰਵੀਂ ਸਦੀ ਵਿੱਚ ਪ੍ਰਚਾਰੇ ਗਏ ਸੰਤ ਸ੍ਰੀ ਗੁਰੂ ਰਵਿਦਾਸ ਦੀ ਬਾਣੀ ਅਤੇ ਪ੍ਰਚਾਰ ਦਾ ਧੁਰਾ ਹੀ ਇਹ ਵਿਚਾਰ ਸਨ। ਇਉਂ ਗੁਰੂ ਰਵਿਦਾਸ ਜੀ ਵਿਚਾਰਕ ਕ੍ਰਾਂਤੀ ਵਿੱਚ ਰੂਸੋ ਵਾਲਟੇਅਰ ਦੇ ਪੂਰਵਜ਼ ਸਥਾਪਿਤ ਹੁੰਦੇ ਹਨ। ਇਸ ਕਥਨ ਤੋਂ ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਵਿਸ਼ਵ ਦੇ ਸਭ ਤੋਂ ਪਹਿਲੇ ਕ੍ਰਾਂਤੀਕਾਰੀ ਵਿਚਾਰਧਾਰਕ ਅਤੇ ਪ੍ਰਚਾਰਕ ਸਨ। ਗੁਰੂ ਜੀ ਦਾ 'ਬੇਗਮਪੁਰਾ ਸਹਰ ਕੋ ਨਾਉ।' ਸ਼ਬਦ ਪੂਰੇ ਵਿਸ਼ਵ ਵਿੱਚ ਸ਼ਾਂਤੀ ਤੇ ਸਾਂਝੀਵਾਲਤਾ ਲਿਆਉਣ ਦੇ ਸਮਰਥ ਹੈ।

ਪ੍ਰਭੂ ਦੀ ਪੂਜਾ ਤੇ ਪ੍ਰਾਪਤੀ ਲਈ ਸੰਸਾਰ ਥਾਂ-ਥਾਂ ਤੇ ਭਟਕ ਰਿਹਾ ਹੈ ਲੇਕਿਨ ਗੁਰੂ ਰਵਿਦਾਸ ਜੀ ਇਸ ਬਾਬਤ ਆਪਣੀ ਬਾਣੀ ਵਿੱਚ ਵਿਗਿਆਨਕ ਸੱਚ ਉਜਾਗਰ ਕੀਤਾ ਹੈ, ਜਿਸ ਦੀ ਪੂਰੇ ਸੰਸਾਰ ਨੂੰ ਲੋੜ ਹੈ। ਗੁਰੂ ਜੀ ਅਟਲ ਸੱਚਾਈ ਬਿਆਨ ਕਰਦੇ ਹਨ ਕਿ ਜੋ ਮਨੁੱਖ ਇਕ ਹਰੀ ਪ੍ਰਮਾਤਮਾ ਦੀ ਪੂਜਾ ਸਿਮਰਨ ਨੂੰ ਛੱਡਕੇ ਕਿਸੇ ਹੋਰ ਦੀ ਆਸ ਰੱਖਦਾ ਹੈ, ਉਹ ਨਰਕਾਂ ਨੂੰ ਜਾਵੇਗਾ ਅਰਥਾਤ ਮੁਕਤ ਨਹੀਂ ਹੋ ਸਕੇਗਾ।

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥**

ਗੁਰੂ ਜੀ ਮੂਰਤੀ ਪੂਜਾ ਅਤੇ ਆਰਤੀ ਉਤਾਰਨ ਵਰਗੇ ਕਰਮ-ਕਾਂਡਾਂ ਤੋਂ ਹੱਟਣ ਦੀ ਪ੍ਰੇਰਨਾ ਦਿੰਦੇ ਹਨ ਕਿ ਪ੍ਰਭੂ ਦਾ ਨਾਮ ਸਿਮਰਨ ਹੀ ਸੱਚੀ ਆਰਤੀ ਹੈ ਬਾਕੀ ਸਭ ਝੂਠ ਹੈ।

**ਨਾਮ ਤੇਰੋ ਆਰਤੀ ਮਜਨੁ ਮੁਰਾਰੇ। ਹਰਿ ਕੇ ਨਾਮ ਬਿਨ ਝੂਠੇ ਸਗਲ ਪਸਾਰੇ।**

ਮਨੁੱਖ ਪੂਜਾ ਦੇ ਲਈ ਦੁੱਧ, ਫਲ, ਪਾਣੀ ਅਤੇ ਧੂਫ ਆਦਿ ਪ੍ਰਸਾਦਿ ਅਰਪਣ ਕਰਦੇ ਹਨ ਪ੍ਰੰਤੂ ਗੁਰੂ ਜੀ ਕੁਦਰਤੀ ਸੱਚ ਬਿਆਨ ਕਰਦੇ ਸਮਝਾਉਂਦੇ ਹਨ ਕਿ ਇਹ ਸਮੱਗਰੀ ਤਾਂ ਪਹਿਲਾਂ ਹੀ ਜੂਠੀ ਹੈ ਤੇ ਪ੍ਰਭ ਨੂੰ ਭੇਂਟ ਕਰਨਯੋਗ ਨਹੀਂ।

**ਦੂਧ ਤਾ ਬਛਰੈ ਥਨਹੁ ਬਿਟਾਰਿਉ। ਫੂਲ ਭਵਰਿ ਜਲੁਮੀਨਿ ਬਿਗਾਰਿਉ ॥**
**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ। ਅਵਰ ਨ ਫੂਲ ਅਨੂਪ ਨਾ ਪਾਵਉ ॥**
**ਮੈਲਾਗਰ ਬੇਰੇ ਹੈ ਭੁਇਅੰਗਾ। ਬਿਖ ਅੰਮ੍ਰਿਤ ਬਸਹਿ ਇਕ ਸੰਗਾ ॥**
**ਧੂਪ ਦੀਪ ਲਈ ਬੇਦਹਿ ਬਾਸਾ। ਕੈਸੇ ਪੂਜ ਕਰਹਿ ਤੇਰੀ ਦਾਸਾ ॥**

ਗੁਰੂ ਜੀ ਇਕ ਹੋਰ ਸੱਚ ਬਿਆਨ ਕਰਦੇ ਹਨ ਕਿ 'ਤੇਰੋ ਕੀਆ ਤੁਝਹਿ ਕਿਆ ਅਰਪਾਉ' ਹੇ ਪ੍ਰਭ ਮੈਂ ਤੇਰੇ ਹੀ ਪੈਦਾ ਕੀਤੇ ਸੰਸਾਰਕ ਪਦਾਰਥਾਂ ਨੂੰ ਤੈਨੂੰ ਹੀ ਕਿਵੇਂ ਅਰਪਨ ਕਰਾਂ ਜੇਕਰ ਮੈਂ ਤੇਰੇ ਹੀ ਪੈਦਾ ਕੀਤੇ ਪਦਾਰਥ ਤੈਨੂੰ ਅਰਪਨ ਕਰ ਦਿੱਤੇ ਤਾਂ ਮੈਂ ਆਪਣੇ ਕੋਲੋਂ ਤੈਨੂੰ ਕੀ ਦਿੱਤਾ। ਗੁਰੂ ਸਾਹਿਬ ਜੀ ਇਹਨਾਂ ਸੰਸਾਰਕ ਪਦਾਰਥਾਂ ਨੂੰ ਰੱਦ ਕਰਨ ਉਪਰੰਤ ਆਪਣਾ ਮਤ ਪੇਸ਼ ਕਰਦੇ ਹਨ ਕਿ ਪ੍ਰਭੂ ਪੂਜਾ ਲਈ ਮੈਂ ਆਪਣਾ ਤਨ ਤੇ ਮਨ ਅਰਪਨ ਕਰਦਾ ਹਾਂ, ਜਦ ਪ੍ਰਭੂ ਦੀ ਕਿਰਪਾ ਨਾਲ ਉਸਨੂੰ ਇਹ ਚੜਾਵਾ ਪ੍ਰਵਾਨ ਹੋ ਗਿਆ ਤਾਂ ਮੈਂ ਉਸ ਪ੍ਰਭੂ ਨੂੰ ਪ੍ਰਾਪਤ ਕਰ ਲਵਾਂਗਾ।

**ਪੂਜਾ ਅਰਚਾ ਆਹਿ ਨ ਤੋਰੀ। ਕਹਿ ਰਵਿਦਾਸ ਕਵਨ ਗਤਿ ਮੋਰੀ ॥**

ਹੇ ਪ੍ਰਭੂ! ਜੇਕਰ ਤੇਰੀ ਪੂਜਾ ਲਈ ਇਹ ਸੰਸਾਰਕ ਵਸਤਾਂ ਜ਼ਰੂਰੀ ਹੁੰਦੀਆਂ ਤਾਂ ਇਹਨਾਂ ਸੁੱਚੀਆਂ ਵਸਤਾਂ ਦੀ ਉਪਲੱਬਧੀ ਨਾ ਹੋਣ ਕਾਰਨ ਮੈਥੋਂ ਤੇਰੀ ਪੂਜਾ ਨਹੀਂ ਸੀ ਹੋ ਸਕਦੀ, ਅਜਿਹੀ ਸਥਿਤੀ ਵਿੱਚ ਮੇਰਾ ਕੀ ਹਾਲ ਹੁੰਦਾ। ਸੋ ਅਸੀਂ ਆਪਣਾ ਤਨ ਤੇ ਮਨ ਕਿਵੇਂ ਅਰਪਨ ਕਰਨਾ ਹੈ? ਇਹ ਅਰਪਨ ਕਰਨਾ ਹੈ ਪ੍ਰਭ ਦੀ ਆਰਤੀ ਉਤਾਰ ਕੇ ਆਰਤੀ ਕਿਵੇਂ ਉਤਾਰਨੀ ਹੈ? ਸ੍ਰੀ ਗੁਰੂ ਰਵਿਦਾਸ ਜੀ ਸਪੱਸ਼ਟ ਕਰਦੇ ਹਨ।



**ਕਹੈ ਰਵਿਦਾਸ ਨਾਮੁ ਤੇਰੋ ਆਰਤੀ। ਸਤਿਨਾਮ ਹੈ ਹਰਿ ਭੋਗ ਤੁਹਾਰੇ ॥**

ਹੇ ਪ੍ਰਭੂ ਤੇਰਾ ਨਾਮ ਹੀ ਸਿਮਰਨ ਹੀ ਸੱਚੀ ਆਰਤੀ ਹੈ ਮੈਂ ਤੇਰੇ ਨਾਮ ਸਿਮਰਨ ਦਾ ਹੀ ਤੈਨੂੰ ਭੋਗ ਲਗਾਉਂਦਾ ਹਾਂ। ■

*-ਮਹਿੰਦਰ ਸੰਧੂ, ਮਹੇੜੂ (ਮੁੱਖ ਸੰਪਾਦਕ-ਸੱਚ ਦਾ ਸੂਰਜ ਮੈਗਜ਼ੀਨ) ਫੋਨ: 98726 96840*

# ਗੁਰੂ ਰਵਿਦਾਸ ਜੀ ਦੀ ਬਾਣੀ ਸਬੰਧੀ ਕੁੱਝ ਭੁਲੇਖੇ (ਭਾਗ-੨)

ਪਿਛਲੇ ਟ੍ਰੈਕਟਾਂ ਵਿਚ ਅਸੀਂ ਗੁਰੂ ਰਵਿਦਾਸ ਜੀ ਦੀ ਬਾਣੀ, ਵਿਚਾਰਧਾਰਾ ਸਬੰਧੀ ਪਾਏ ਜਾਂਦੇ ਭੁਲੇਖਿਆਂ/ਸ਼ੰਕਿਆਂ ਤੇ ਚਰਚਾ ਕੀਤੀ ਸੀ। ਜਿਸ ਵਿਚ ਗੁਰੂ ਜੀ ਦੀ ਬਾਣੀ ਵਿਚ ਆਏ ਸ਼ਬਦ **ਰਾਮ, ਰਾਜਾ ਰਾਮ ਚੰਦ, ਮੇਰੀ ਸੰਗਤ ਪੋਚ ਸੋਚ ਦਿਨ ਰਾਤੀ, ਜਾਤੀ ਓਛਾ ਪਾਤੀ ਓਛਾ ਓਛਾ ਜਨਮ ਹਮਾਰਾ** ਸਬੰਧੀ ਲਿਖਿਆ ਸੀ। ਇਸੇ ਲੜੀ ਤਹਿਤ ਇਸ ਟ੍ਰੈਕਟ ਵਿਚ **ਸਤਿਜੁਗ ਸਤਿ, ਤੇਤਾ ਜਗੀ,** ਸ਼ਬਦ ਦੇ ਪਹਿਲੇ ਬੰਦ ਸਬੰਧੀ ਕੁੱਝ ਭੁਲੇਖਿਆਂ ਤੇ ਵਿਚਾਰ ਕਰਾਂਗੇ। ਇਹ ਸ਼ਬਦ ਰਾਗ ਗਾਉੜੀ ਬੈਰਾਗਣ ਵਿਚ ਉਚਾਰਨ ਕੀਤਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾਂ 346 ਤੇ ਦਰਜ ਹੈ। ਇਸ ਸ਼ਬਦ ਦਾ ਪਹਿਲਾ ਬੰਦ ਹੈ:

**ਸਤਿਜੁਗ ਸਤਿ, ਤੇਤਾ ਜਗੀ, ਦੁਆਪਰਿ ਪੂਜਾਚਾਰ॥**
**ਤੀਨੌ ਜੁਗ ਤੀਨੌ ਦੀੜੇ ਕਲਿ ਕੇਵਲ ਨਾਮ ਅਧਾਰ॥**

ਸ਼ਬਦ ਦੇ ਇਸ ਬੰਦ ਸਬੰਧੀ ਗੁਰੂ ਪ੍ਰੇਮੀਆਂ ਨੂੰ ਅਕਸਰ ਦੋ ਭੁਲੇਖੇ ਹੋ ਸਕਦੇ ਹਨ।

(ੳ) ਗੁਰੂ ਰਵਿਦਾਸ ਜੀ ਯੁੱਗਾਂ ਦੀ ਵੰਡ ਤੇ ਪੂਜਾ ਵਿਧੀ ਨੂੰ ਪ੍ਰਵਾਨ ਕਰਦੇ ਹਨ।

(ਅ) 'ਕਲਿ ਕੇਵਲ ਨਾਮ ਅਧਾਰ' ਤੋਂ ਭਾਵ ਕਲਯੁੱਗ ਵਿਚ ਕੇਵਲ ਨਾਮ ਸਿਮਰਨ ਦਾ ਆਸਰਾ ਹੈ।

**(ੳ) ਯੁੱਗਾਂ ਦੀ ਵੰਡ ਅਤੇ ਪੂਜਾ ਵਿਧੀ:**

ਅਕਸਰ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਭਾਈ! ਹੁਣ ਤਾਂ ਕਲਯੁੱਗ ਦਾ ਪਹਿਰਾ ਹੈ ਜਾਂ ਕਲਿਯੁਗ ਜਵਾਨ ਹੈ, ਸਮਾਜ ਵਿਚ ਮਾੜਾ ਵਾਪਰ ਰਿਹਾ ਹੈ। ਇਸ ਤਰ੍ਹਾਂ ਹੋਣਾ ਹੀ ਹੈ। ਸਤਿਯੁਗੀ ਸਮਾਂ ਹੀ ਚੰਗਾ ਸੀ ਜਾਂ ਕਿਹਾ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਚਾਰ ਯੁੱਗਾਂ ਦੇ ਜੰਜੂ ਪਹਿਨੇ ਸਨ। ਚਹੁੰ ਯੁੱਗਾਂ ਦੇ ਜੰਜੂਆਂ ਬਾਰੇ ਪੁਰਾਣੀਆਂ ਤਸਵੀਰਾਂ ਵੀ ਦੇਖਣ ਨੂੰ ਮਿਲਦੀਆਂ ਹਨ। ਪ੍ਰੰਤੂ ਅਸਲੀਅਤ ਇਹ ਹੈ ਕਿ ਗੁਰੂ ਰਵਿਦਾਸ ਜੀ ਯੁੱਗਾਂ ਦੀ ਵੰਡ ਅਤੇ ਪੂਜਾ ਵਿਧੀ ਨੂੰ ਬਿਲਕੁਲ ਹੀ ਰੱਦ ਕਰਦੇ ਹਨ। ਕਿਉਂਕਿ ਗੁਰੂ ਜੀ ਇਸ ਬੰਦ ਤੋਂ ਅਗਲੀ ਪੰਕਤੀ ਵਿਚ ਸਮਝਾਉਂਦੇ ਹਨ:

**ਪਾਰ ਕੈਸੇ ਪਾਇਬੋ ਰੇ॥ ਮੋ ਸਉ ਕੋਊ ਨ ਕਹੈ ਸਮਝਾਇ॥ ਜਾ ਤੇ ਆਵਾਗਵਨੁ ਬਿਲਾਇ॥**

ਭਾਈ! ਪਾਰ (ਮੁਕਤ) ਕਿਸ ਤਰ੍ਹਾਂ ਹੋਵੋਗੇ। ਉਪਰੋਕਤ ਪੂਜਾ ਵਿਧੀ ਨਾਲ ਤਾਂ ਤੁਸੀਂ ਪਾਰ ਹੋ ਹੀ ਨਹੀਂ ਸਕਦੇ। ਮੈਨੂੰ ਕੋਈ ਸਮਝਾ ਕੇ ਇਹ ਸਪਸ਼ਟ ਨਹੀਂ ਕਰ ਰਿਹਾ ਕਿ ਆਵਾਗਵਨ ਤੋਂ ਮੁਕਤੀ ਕਿਵੇਂ ਮਿਲੇਗੀ? ਚਹੁੰ ਯੁੱਗਾਂ ਵਿਚ ਚਾਰ ਵੇਦਾਂ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਗੁਰੂ ਜੀ ਵੇਦਾਂ ਦੇ ਮਹਾਨ ਗਿਆਤਾ ਰਿਸ਼ੀ ਵੇਦ ਵਿਆਸ ਜੀ ਦੇ ਹਵਾਲੇ ਨਾਲ ਫਰਮਾਉਂਦੇ ਹਨ:

**ਨਾਨਾ ਖਿਆਨ ਪੁਰਾਨ ਬੇਦ ਬਿਧਿ, ਚਉਤੀਸ ਅਖਰ ਮਾਂਹੀ॥**
**ਬਿਆਸ ਬਿਚਾਰਿ ਕਹਿਓ ਪਰਮਾਰਥੁ, ਰਾਮ ਨਾਮ ਸਰਿ ਨਾਹੀ॥**

ਵੇਦਾਂ ਦੇ ਮੰਨੇ ਪ੍ਰਮੰਨੇ ਵਿਦਵਾਨ ਰਿਸ਼ੀ ਵੇਦ ਵਿਆਸ ਜੀ ਨੇ ਇਹ ਸਿੱਟਾ ਕੱਢਿਆ ਹੈ ਕਿ ਅਨੇਕਾਂ ਪ੍ਰਸੰਗ ਕਥਾਵਾਂ, ਪੁਰਾਨ, ਵੇਦ ਬਿਧ (ਬ੍ਰਹਮਾ) ਆਦਿ ਚੌਂਤੀ ਅੱਖਰਾਂ ਵਿਚ ਲਿਖਿਆ ਮਿਲਦਾ ਹੈ। ਇਹ ਪ੍ਰਭੂ ਦੇ ਨਾਮ ਦੇ ਬਰਾਬਰ ਵੀ ਨਹੀਂ ਹੈ। ਗੁਰੂ ਜੀ ਵਿਚਾਰ ਅਧੀਨ ਸ਼ਬਦ ਵਿਚ ਵਰਨਣ ਕਰਦੇ ਹਨ:

**ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥**
**ਪ੍ਰੇਮ ਭਗਤਿ ਨਹੀ ਉਪਜੈ ਤਾ ਤੇ ਰਵਿਦਾਸ ਉਦਾਸ॥**

**ਭਾਵ:** ਮੈਂ ਵੇਦ, ਧਰਮਾਂ, ਸ਼ਾਸਤਰਾਂ ਅਨੁਸਾਰ ਹੱਠ ਕਰਕੇ ਮਨ ਨੂੰ ਭਰਮਾਂ ਬੰਧਨਾਂ, ਵਿਕਾਰਾਂ ਤੋਂ ਰੋਕਣੇ ਦੇ ਅਨੇਕਾਂ ਯਤਨ ਕੀਤੇ ਪਰ ਮਨ ਇਨ੍ਹਾਂ ਤੋਂ ਮੁਕਤ ਨਹੀਂ ਹੋ ਸਕਿਆ। ਇਨ੍ਹਾਂ ਕਰਮ ਕਾਂਡਾਂ ਨਾਲ ਪ੍ਰਭ ਪ੍ਰੇਮ ਦੀ ਉਤਪਤੀ ਨਹੀਂ ਹੁੰਦੀ। ਇਸ ਕਰਕੇ ਮੈਂ (ਗੁਰੂ ਰਵਿਦਾਸ) ਉਦਾਸ ਹਾਂ।

**(ਅ) ਕਲਿ ਕੇਵਲ ਨਾਮ ਅਧਾਰ:-**

ਇਸ ਪੰਕਤੀ ਤੋਂ ਅਕਸਰ ਇਹ ਭਾਵ ਲਗਾਇਆ ਜਾਂਦਾ ਹੈ ਕਿ ਗੁਰੂ ਜੀ ਨੇ ਕਲਿਯੁੱਗ ਵਿੱਚ ਕੇਵਲ ਪ੍ਰਮਾਤਮਾ ਦੇ ਨਾਮ ਸਿਮਰਨ ਨੂੰ ਹੀ ਮੁਕਤੀ ਦਾ ਸਾਧਨ ਕਥਨ ਕੀਤਾ ਹੈ। ਪਰ ਇਹ ਅਰਥ ਗਲਤ ਹਨ। ਕਿਉਂਕਿ ਇਸ ਬੰਦ ਵਿਚ ਗੁਰੂ ਜੀ ਆਪਣੀ ਵਿਚਾਰਧਾਰਾ ਵਿਅਕਤ ਨਹੀਂ ਕਰ ਰਹੇ ਇਸ ਵਿਚ ਤਾਂ ਗੁਰੂ ਜੀ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਵਰਨਣ ਕਰ ਰਹੇ ਹਨ। ਗੁਰੂ ਜੀ ਨੇ ਇਸ ਬੰਦ ਦੀ ਸਿਰਜਣਾ ਵੇਲੇ ਵਿਸ਼ਨੂੰ ਪੁਰਾਨ ਦੇ ਸ਼ਲੋਕ ਨੂੰ ਚੁਣਿਆ ਹੈ ਅਤੇ ਗੁਰੂ ਰਵਿਦਾਸ ਜੀ ਦੇ ਸ਼ਬਦ ਦਾ ਹੇਠ ਲਿਖਿਆ ਇਹ ਪਹਿਲਾ ਬੰਦ ਵਿਸ਼ਨੂੰ ਪੁਰਾਣ ਦੇ ਸ਼ਲੋਕ ਦਾ ਹੀ ਤਰਜਮਾ ਹੈ :-

**ਸਤਿਯੁਗ ਸਤਿ, ਤੇਤਾ ਜਗੀ, ਦੁਆਪਰਿ ਪੂਜਾਚਾਰ॥**
**ਤੀਨੌ ਜੁਗ ਤੀਨੌ ਦੀੜੇ ਕਲਿ ਕੇਵਲ ਨਾਮ ਅਧਾਰ॥**

ਗੁਰੂ ਰਵਿਦਾਸ ਜੀ ਇਸ ਸਬੰਦ ਵਿਚ ਹਿੰਦੂ ਧਰਮ ਦੇ ਚਾਰ ਯੁੱਗਾਂ ਅਤੇ ਇਨ੍ਹਾਂ ਦੀ ਪੂਜਾ ਵਿਧੀ ਦੀ ਹੀ ਗੱਲ ਕਰ ਰਹੇ ਹਨ। ਸੋ ਇਸ ਬੰਦ ਦੇ ਅਰਥ ਪੁਸਤਕ 'ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਅਨੁਸਾਰ ਇਸ ਪ੍ਰਕਾਰ ਹਨ:


ਗੁਰੂ ਰਵਿਦਾਸ ਫਰਮਾਉਂਦੇ ਹਨ ਕਿ ਹਿੰਦੂ ਧਰਮ ਦੇ ਗ੍ਰੰਥਾਂ, ਸ਼ਾਸਤਰਾਂ ਅਨੁਸਾਰ ਸਤਿਯੁੱਗ ਵਿਚ ਆਪਣੇ ਇਸ਼ਟ ਨੂੰ ਖੁਸ਼ ਕਰਨ ਲਈ ਦਾਨ, ਤ੍ਰੇਤੇ ਯੁੱਗ ਵਿਚ ਯੱਗ ਅਤੇ ਪਸ਼ੂ ਬਲੀ, ਦੁਆਪਰ ਯੁੱਗ ਵਿਚ ਦੇਵਤਿਆਂ ਦੀ ਪੂਜਾ ਅਤੇ ਕਲਿਯੁੱਗ ਵਿਚ ਕੇਵਲ ਸ਼੍ਰੀ ਰਾਮ, ਸ਼੍ਰੀ ਕ੍ਰਿਸ਼ਨ ਅਵਤਾਰ ਪੂਜਾ ਭਾਵ ਮੂਰਤੀ ਪੂਜਾ ਆਦਿ ਹਰ ਇਕ ਯੁੱਗ ਲਈ ਵੱਖ-ਵੱਖ ਧਰਮ ਕਰਮ ਜਰੂਰੀ ਹਨ। ਇਸ ਕਰਕੇ ਗੁਰੂ ਜੀ ਦੂਸਰੇ ਬੰਦ ਵਿਚ ਫਰਮਾਉਂਦੇ ਹਨ:-

**ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦਿਸੈ ਸਭ ਲੋਇ॥**
**ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ॥**



**ਭਾਵ:** ਹਿੰਦੂ ਧਰਮ ਗ੍ਰੰਥਾਂ ਅਤੇ ਸ਼ਾਸਤਰਾਂ ਅਨੁਸਾਰ ਅਨੇਕਾਂ ਵਿਧੀਆਂ ਰਾਹੀਂ ਹਰ ਯੁੱਗ ਦੇ ਵੱਖ-ਵੱਖ ਧਰਮ-ਕਰਮ ਨਿਸ਼ਚਿਤ ਕੀਤੇ ਗਏ ਹਨ, ਜਿਸ ਨੂੰ ਸਾਰੀ ਦੁਨੀਆਂ ਕਰਦੀ ਨਜ਼ਰ ਆਉਂਦੀ ਹੈ, ਪਰ ਗੁਰੂ ਰਵਿਦਾਸ ਜੀ ਪ੍ਰਸ਼ਨ ਕਰਦੇ ਹਨ ਕਿ ਕਿਹੜੇ ਕਰਮ ਨੂੰ ਸਾਧਿਆ ਜਾਵੇ ਭਾਵ ਕਿਹੜੇ ਕਰਮ ਅਨੁਸਾਰ ਭਗਤੀ ਕੀਤੀ ਜਾਵੇ ਜਿਸ ਨਾਲ ਮੁਕਤੀ ਪ੍ਰਾਪਤ ਹੋ ਸਕੇ। ਸੋ ਸਪੱਸ਼ਟ ਹੈ ਕਿ ਗੁਰੂ ਜੀ ਉਪਰੋਕਤ ਹਿੰਦੂ ਧਰਮ ਦੀ ਪੂਜਾ ਵਿਧੀ ਦੀ ਗੱਲ ਹੀ ਕਰ ਰਹੇ ਹਨ ਤੇ ਇਸ ਦਾ ਭਾਵ ਕਲਯੁੱਗ ਵਿਚ ਅਵਤਾਰਾਂ ਦੀ ਪੂਜਾ ਭਾਵ ਮੂਰਤੀ ਪੂਜਾ ਹੈ। ■

*-ਬਖਸ਼ੀ ਰਾਮ, ਪਿੰਡ ਦਰਾਵਾਂ, ਜ਼ਿਲ੍ਹਾ ਜਲੰਧਰ। ਮੋਬਾਇਲ: 88726 92300*

ਵਿਸ਼ਵ ਸਾਂਝੀਵਾਲਤਾ ਸੰਵਿਧਾਨ ਦੇ ਸਿਰਜਕ
ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੇ
**ਪਾਵਨ ਗੁਰਪਰਬ ਦੀ ਲੱਖ ਲੱਖ ਵਧਾਈ**

*Kamal*
**DIGITAL ART**
All Programme Video Coverage, Video Editing and Mixing
**V.P.O. Binpalke (Bhogpur), Jalandhar • M: 94643-23947**

# ਆਓ! ਬੇਗਮਪੁਰਾ ਦਾ ਸੁਪਨਾ ਸਾਕਾਰ ਕਰੀਏ

ਪੁਰਾਤਨ ਗ੍ਰੰਥਾਂ ਅਨੁਸਾਰ ਭਾਰਤੀ ਸਮਾਜ ਨੂੰ ਚਾਰ ਵਰਗਾਂ ਵਿਚ ਵੰਡਿਆ ਗਿਆ। ਸ਼ੂਦਰ ਵਰਗ ਨੂੰ ਭੈੜਾ ਗਰਦਾਨਿਆ ਗਿਆ ਤੇ ਇਸ ਨਾਲ ਨਫਰਤ ਕੀਤੀ ਗਈ। ਰਾਹ ਚਲਦੇ ਸ਼ੂਦਰ ਦਾ ਪਰਛਾਵਾਂ ਵੀ ਨਹੀਂ ਸੀ ਝੱਲਿਆ ਜਾਂਦਾ। ਸ਼ੂਦਰ ਦੇ ਸਾਏ ਨਾਲ ਉੱਚ ਜਾਤੀ ਦਾ ਮਨੁੱਖ ਭਿੱਟਿਆ ਜਾਂਦਾ ਸੀ। ਸ਼ੂਦਰ ਆਪਣੀ ਪਿੱਠ ਨਾਲ ਬੁਹਾਰੀ ਬੰਨ੍ਹ ਕੇ ਤੁਰਦੇ ਸਨ ਤਾਂ ਕਿ ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਮਿਟਦੇ ਜਾਣ, ਸ਼ੂਦਰਾਂ ਦੇ ਘਰ ਪਿੰਡ ਤੋਂ ਲਹਿੰਦੇ ਪਾਸੇ ਹੁੰਦੇ ਸਨ। ਉਹ ਸਵੇਰੇ ਜਾਂ ਸ਼ਾਮੀਂ ਸਵਰਨਾਂ ਦੇ ਮੁਹੱਲੇ ਨਹੀਂ ਜਾ ਸਕਦੇ ਸਨ ਕਿਉਂਕਿ ਸਵੇਰੇ ਜਾਂ ਸ਼ਾਮੀਂ ਪ੍ਰਛਾਵਾਂ ਵੱਡਾ ਹੋਣ ਕਰਕੇ ਸਵਰਨ ਸ਼ੂਦਰਾਂ ਦੇ ਪ੍ਰਛਾਵੇਂ ਤੋਂ ਭਿੱਟ ਜਾਂਦੇ ਸਨ। ਸਵਰਨਾਂ ਦੇ ਮੁਹੱਲੇ ਵਿਚ ਜਾਣ ਸਮੇਂ ਸ਼ੂਦਰ ਦੇ ਗਲੇ ਵਿਚ ਕੁੱਜਾ ਲਟਕਾਉਣਾ ਜਰੂਰੀ ਹੁੰਦਾ ਸੀ ਤਾਂ ਕਿ ਥੁੱਕ ਆਉਣ 'ਤੇ ਉਹ ਜ਼ਮੀਨ 'ਤੇ ਨਾ ਥੁੱਕੇ ਗਲ ਵਿਚ ਪਏ ਕੁੱਜੇ ਵਿਚ ਥੁੱਕੇ, ਸ਼ੂਦਰ ਦੀ ਹਾਜ਼ਰੀ ਵਿਚ ਵੇਦਾਂ ਦਾ ਅਧਿਅਨ ਕਰਨਾ ਮਨਾਂ ਹੈ। ਜੇਕਰ ਸ਼ੂਦਰ ਵੇਦਾਂ ਨੂੰ ਸੁਣ ਲਵੇ ਤਾਂ ਉਸ ਦੇ ਕੰਨਾਂ ਵਿਚ ਗਰਮ ਲਾਖ ਪਾ ਦਿੱਤੀ ਜਾਵੇ। ਜੇਕਰ ਸ਼ੂਦਰ ਧਾਰਮਿਕ ਸਿਖਿਆਵਾਂ ਦੇਵੇ ਜਾਂ ਬ੍ਰਾਹਮਣ ਦਾ ਅਪਮਾਨ ਕਰੇ ਤਾਂ ਉਸ ਦੀ ਜੀਭ ਖਿੱਚ ਦਿੱਤੀ ਜਾਵੇ।

ਆਪਣੇ ਮਨੁੱਖ ਦੇ ਇਕ ਵਰਗ ਦੀ ਅਜਿਹੀ ਦਸ਼ਾ ਵੇਖ ਕੇ ਪਾਰਬ੍ਰਹਮ ਨੂੰ ਆਪਣੇ ਰੂਪ ਸ੍ਰੀ ਗੁਰੁ ਰਵਿਦਾਸ ਜੀ ਨੂੰ ਇਸ ਧਰਤੀ ਉੱਤੇ ਭੇਜਣਾ ਪਿਆ। ਉੱਘੇ ਕਵੀ ਸਵਰਗੀ ਸ੍ਰੀ ਚਾਨਣ ਲਾਲ ਮਾਣਕ ਨੇ ਇਸ ਪ੍ਰਸੰਗ ਵਿਚ ਇਕ ਕਵਿਤਾ ਵਿਚ ਲਿਖਿਆ ਹੈ:

**ਦੁਖੀ ਅਨਾਥ ਗਰੀਬਾਂ ਉੱਤੇ, ਹੋਏ ਜ਼ੁਲਮ ਅਥਾਹ।**<br>
**ਦਰਦ ਕਹਾਣੀ ਉਨ੍ਹਾਂ ਦੀ ਤਦ, ਪੁੱਜੀ ਧੁਰ ਦਰਗਾਹ।**<br>
**ਤਾਂ ਫਿਰ ਦੁਨੀਆ ਦੇ ਕਰਤੇ ਨੇ, ਲੰਮੀ ਸੋਚ ਦੁੜਾ ਕੇ,**<br>
**ਭੇਜਿਆ ਗੁਰੂ ਰਵਿਦਾਸ ਪਿਆਰਾ, ਦੇਵਣ ਲਈ ਪਨਾਹ।**

ਸੰਤ ਕਰਮ ਦਾਸ ਜੀ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਨ। ਉਨ੍ਹਾਂ ਦਾ ਇਕ ਦੋਹਾ ਸ੍ਰੀ ਗੁਰੁ ਰਵਿਦਾਸ ਜੀ ਨਮਿਤ ਲਿਖਿਆ ਮਿਲਦਾ ਹੈ, ਜੋ ਹੇਠ ਲਿਖੇ ਅਨੁਸਾਰ ਹੈ:

**ਚੌਦਾਹ ਸੌ ਤੇਤੀਸ ਕੀ ਮਾਘ ਸੁਦੀ ਪੰਦਰਾਸ। ਦੁਖੀਓ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ॥**

ਭਾਵੇਂ ਕਿ ਵੱਖ-ਵੱਖ ਵਿਦਵਾਨਾਂ ਨੇ ਸ੍ਰੀ ਗਿਰੁ ਰਵਿਦਾਸ ਜੀ ਦੇ ਜਨਮ ਦੀ ਤਰੀਕ ਵੱਖ ਵੱਖ ਲਿਖੀ ਹੈ ਪਰ ਇਸ ਦੋਹੇ ਨੂੰ ਬਹੁਗਿਣਤੀ ਸ੍ਰੀ ਗੁਰੁ ਰਵਿਦਾਸ ਸੰਪਰਦਾ ਦੇ ਸੰਤਾਂ. ਮਹਾਂਪੁਰਖਾਂ ਅਤੇ ਸੰਗਤਾਂ ਨੇ ਸਵੀਕਾਰਿਆ ਹੈ। ਇਸ ਤਰ੍ਹਾਂ ਸ੍ਰੀ ਗੁਰੁ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 1433 ਬਿਕ੍ਰਮੀ ਸੰਮਤ ਦੀ ਮਾਘ ਸੁਦੀ 15 ਨੂੰ ਬਨਾਰਸ ਦੇ ਸੀਰ ਗੋਵਰਧਨਪੁਰ ਵਿਖੇ ਵਿੱਚ ਮੰਨਿਆ ਜਾਂਦਾ ਹੈ। ਪੰਜਾਬ ਵਿਚ ਆਪ ਦੇ ਪਿਤਾ ਦਾ ਨਾਂਅ ਸ੍ਰੀ ਸੰਤੋਖ ਦਾਸ ਜੀ ਅਤੇ ਮਾਤਾ ਦਾ ਨਾਅ ਸ੍ਰੀਮਤੀ ਕਲਸੀ ਜੀ ਪ੍ਰਚਲਿਤ ਹੈ। ਦਾਦਾ ਸ੍ਰੀ ਕਾਲੂ ਜੀ ਅਤੇ ਦਾਦੀ ਸ਼੍ਰੀਮਤੀ ਲਖਪਤੀ ਜੀ ਹਨ। ਸੁਪਤਨੀ ਦਾ ਨਾਂਅ ਸ੍ਰੀਮਤੀ ਲੋਨਾ ਜੀ, ਸਪੁੱਤਰ ਦਾ ਨਾਂਅ ਸ੍ਰੀਮਾਨ ਵਿਜੈ ਦਾਸ ਜੀ। ਬਹੁਤ ਸਾਰੇ ਗ੍ਰੰਥਾਂ ਅਤੇ ਪੁਸਤਕਾਂ ਵਿਚ ਆਪਦਾ ਅਤੇ ਪਰਿਵਾਰ ਵਾਲਿਆਂ ਦੇ ਨਾਂਅ ਵੱਖਰੇ-ਵੱਖਰੇ ਲਿਖੇ ਮਿਲਦੇ ਹਨ।

ਆਪ ਦੇ ਪ੍ਰਕਾਸ਼ ਧਾਰਨ ਦਾ ਜ਼ਿਕਰ ਪੰਜਾਬ ਦੇ ਪ੍ਰਸਿੱਧ ਕਵੀ ਸ੍ਰੀ ਚਾਨਣ ਲਾਲ ਮਾਣਕ ਨੇ ਆਪਣੀ ਕਵਿਤਾ 'ਜਨਮ ਲੀਲਾ' ਵਿਚ ਇਉਂ ਕੀਤਾ ਹੈ:

**ਮਾਜਰੀ ਚਮਾਰਾਂ ਦੀ ਅਤੇ ਘਰ ਸੰਤੋਖ ਜੀ ਦਾ। ਆਗਮਨ ਹੋਇਆ ਜਿਥੇ ਬਾਲਕ ਅਨੋਖੇ ਦਾ।**<br>
**ਮਾਘ ਦੀ ਸੀ ਪੁੰਨਿਆ ਤੇ ਸਮਾਂ ਪ੍ਰਭਾਤ ਦਾ। ਰੱਬ ਜਾਣੋਂ ਖੋਲ੍ਹਿਆ ਭੰਡਾਰਾ ਰੱਬੀ ਦਾਤ ਦਾ।**<br>
**ਐਹੋ ਜਿਹਾ ਅੱਜ ਤੱਕ ਤੱਕਿਆ ਨਾ ਬਾਲ ਏ। ਇਹਦੇ ਚਿਹਰੇ ਉੱਤੇ ਕੋਈ ਵੱਖਰਾ ਜਲਾਲ ਏ।**<br>
**ਆਣ ਕੇ ਵਧਾਈ ਲੋਕ ਦਿੰਦੇ ਦਾਦੇ ਕਾਲੂ ਜੀ ਨੂੰ। ਖਾਲੀ ਨਹੀਂ ਮੋੜਦਾ ਆਏ ਸ਼ਰਧਾਲੂ ਨੂੰ।**<br>
**ਕਲਸੀ ਜੀ ਦਾ ਵਸ ਗਿਆ ਉਜੜਿਆ ਜਹਾਨ ਏ। ਜਿਹਦੀ ਕੁੱਖੋਂ ਪੈਦਾ ਹੋਇਆ ਆਪ ਭਗਵਾਨ ਏ।**


ਅੱਜ ਤੋਂ ਪੰਜਾਹ-ਸੱਠ ਸਾਲ ਪਹਿਲਾਂ ਸਮਾਜ ਨੂੰ ਸਿਰਫ ਏਨਾ ਹੀ ਪਤਾ ਸੀ ਕਿ ਸ੍ਰੀ ਗੁਰੂ ਰਵਿਦਾਸ ਜੀ ਕਾਂਸ਼ੀ ਬਨਾਰਸ ਵਿਚ ਪੈਦਾ ਹੋਏ। ਡੇਰਾ ਸੱਚ ਖੰਡ ਬੱਲਾਂ ਦੇ ਤਪੀਸਰ ਸ੍ਰੀਮਾਨ 108 ਸੰਤ ਸਰਵਣ ਦਾਸ ਜੀ ਨੇ ਸੰਗਤਾਂ ਦੀ ਫਰਿਆਦ ਸੁਣ ਕੇ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਦੀ ਖੋਜ ਕਰਵਾਈ ਤੇ ਸਮਾਂ ਪਾ ਕੇ ਉਥੇ ਇਕ ਆਲੀਸ਼ਾਨ ਮੰਦਿਰ ਦੀ ਉਸਾਰੀ ਕਰਵਾਈ ਜਿਹੜਾ ਕਿ ਇਕ ਤੀਰਥ ਅਸਥਾਨ ਬਣ ਗਿਆ ਹੈ ਤੇ ਸੋਨੇ ਨਾਲ ਮੜਿਆ ਜਾ ਰਿਹਾ ਹੈ। ਭੋਲੀ ਭਾਲੀ ਸੰਗਤ ਨੇ ਕਾਂਸ਼ੀ ਬਨਾਰਸ ਦੀ ਦੂਰੀ ਸੁਣ ਕੇ ਆਖਿਆ ਕਿ ਮਹਾਰਾਜ! ਏਡੀ ਦੂਰ ਕੌਣ ਜਾਇਆ ਕਰੇਗਾ ਤਾਂ ਸੰਤਾਂ ਨੇ ਸਹਿਜ ਸੁਭਾਅ ਆਖਿਆ, "ਗੱਡੀਆਂ ਭਰ ਭਰ ਜਾਇਆ ਕਰਨਗੀਆਂ।" ਤੇ ਹੁਣ ਸਾਰੇ ਸੰਸਾਰ ਵਿਚੋਂ ਸੰਗਤਾਂ ਦੇ ਜਹਾਜ਼ ਭਰ-ਭਰ ਕੇ ਇਸ ਤੀਰਥ ਅਸਥਾਨ ਦੇ ਦਰਸ਼ਨਾਂ ਲਈ ਪੁੱਜ ਰਹੇ ਹਨ। ਸ੍ਰੀਮਾਨ 108 ਸੰਤ ਸਰਵਣ ਦਾਸ ਜੀ , ਸ੍ਰੀਮਾਨ 108 ਸੰਤ ਹਰੀ ਦਾਸ ਜੀ, ਸ੍ਰੀਮਾਨ 108 ਸੰਤ ਗਰੀਬ ਦਾਸ ਜੀ, ਸ੍ਰੀਮਾਨ 108 ਸੰਤ ਨਿਰੰਜਣ ਦਾਸ ਜੀ (ਮੌਜੂਦਾ ਗੱਦੀ ਨਸ਼ੀਨ), ਸ੍ਰੀਮਾਨ 108 ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਕੌਮ ਦੇ ਮਹਾਨ ਸ਼ਹੀਦ ਸ੍ਰੀਮਾਨ 108 ਸੰਤ ਰਾਮਾ ਨੰਦ ਜੀ ਨੇ ਇਸ ਤੀਰਥ ਅਸਥਾਨ ਨੂੰ ਸਾਰੇ ਸੰਸਾਰ ਵਿਚ ਪ੍ਰਸਿੱਧ ਕਰ ਦਿੱਤਾ। ਤੇ ਹੁਣ ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਕਰਕੇ ਸਾਰੀ ਕੌਮ ਨੂੰ ਇਕ ਲੜੀ ਵਿਚ ਪ੍ਰੋਣ ਦਾ ਉੱਦਮ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸਤਿਕਾਰ ਸਹਿਤ ਦਰਜ ਕੀਤੀ ਗਈ ਹੈ। ਇਸ ਬਾਣੀ ਵਿਚ ਪਾਰਬ੍ਰਹਮ ਨਾਲ ਸਿੱਧੀਆਂ ਗੱਲਾਂ ਕੀਤੀ ਗਈਆਂ ਹਨ। ਜਿਵੇਂ:

- **ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥**
- **ਮੋਹਿ ਨਾ ਬਿਸਾਰਹੁ ਮੈ ਜਨੁ ਤੇਰਾ॥**
- **ਤੁਮ ਚੰਦਨ ਹਮ ਇਰੰਡ ਬਾਪੁਰੇ, ਸੰਗਿ ਤੁਮਾਰੇ ਬਾਸਾ॥**
- **ਜਬ ਹਮ ਹੋਤੇ ਤਬ ਤੂ ਨਾਹੀ, ਅਬ ਤੂਹੀ ਮੈ ਨਾਹੀ॥**
- **ਜਉ ਤੁਮ ਗਿਰਿਵਰ ਤਉ ਹਮ ਮੋਰਾ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥**
- **ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ, ਅਬ ਪਤੀਆਰੁ ਕਿਆ ਕੀਜੈ॥**
- **ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥**


ਹੁਣ ਪੁਰਾਣਾ ਸਮਾਂ ਬੀਤ ਗਿਆ ਹੈ। ਪਿਛਲੀਆਂ ਗੱਲਾਂ ਬੀਤੇ ਦੀਆਂ ਗੱਲਾਂ ਬਣ ਗਈਆਂ ਹਨ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਘਰ-ਘਰ ਪਾਠ ਹੋ ਰਿਹਾ ਹੈ। ਮੰਦਰ, ਗੁਰਦੁਆਰੇ, ਧਰਮਸ਼ਾਲਾਵਾਂ ਬਣ ਰਹੀਆਂ ਹਨ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੀਆਂ ਪੁਸਤਕਾਂ ਛਪ ਰਹੀਆਂ ਹਨ। ਧਾਰਮਿਕ ਕੈਸਟਾਂ ਆ ਰਹੀਆਂ ਹਨ। ਸਾਧੂ, ਸੰਤ, ਮਹਾਤਮਾ ਅਤੇ ਧਾਰਮਿਕ ਸਭਾਵਾਂ ਪੂਰੇ ਜ਼ੋਰ-ਸ਼ੋਰ ਨਾਲ ਗੁਰੂ ਜੀ ਦੀ ਮਹਿਮਾ ਗਾ ਰਹੀਆਂ ਹਨ। ਹਰ ਪਾਸੇ 'ਬੇਗਮਪੁਰਾ' ਸ਼ਹਿਰ ਦਾ ਪ੍ਰਚਾਰ ਹੋ ਰਿਹਾ ਹੈ।

ਪਰ ਅਗੇ ਹੋਰ ਬਹੁਤ ਕੁੱਝ ਕਰਨ ਵਾਲਾ ਹੈ। ਜਿਥੇ ਅਸੀਂ ਧਾਰਮਿਕ ਅਜ਼ਾਦੀ ਮਾਣ ਰਹੇ ਹਾਂ, ਉੱਥੇ ਕੌਮ ਨੂੰ ਸਿਆਸੀ ਹੱਕ-ਹਕੂਕ ਅਤੇ ਤਾਕਤ ਇਕ ਥਾਂ ਇਕੱਠੀ ਕਰਨ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਜਿਥੇ ਸਿਆਣੇ ਸਿਆਸੀ ਅਗੂਆਂ ਦੀ ਲੋੜ ਹੈ, ਉਥੇ ਧਾਰਮਿਕ ਪ੍ਰਚਾਰਕਾਂ ਦੀ ਵੀ ਜ਼ਰੂਰਤ ਹੈ। ਸ੍ਰੀ ਗੁਰੂ ਰਵਿਦਾਸ ਧਾਰਮਿਕ ਟਕਸਾਲਾਂ ਦੀ ਲੋੜ ਹੈ, ਜਿਥੋਂ ਧਾਰਮਿਕ ਸਿਖਿਆ ਮਿਲੇ ਅਤੇ ਸਿਆਣੇ ਪ੍ਰਚਾਰਕ ਸੰਗਤ ਦੀ ਸੇਵਾ ਵਿਚ ਹਾਜ਼ਰ ਹੋਣ।



ਨੌਜਵਾਨ ਪੀੜ੍ਹੀ ਨੂੰ ਵੀ ਸਾਂਭਣ ਦੀ ਲੋੜ ਹੈ। ਨਸ਼ਿਆਂ ਦੀ ਲਤ ਤੋਂ ਬਚਾਉਣ ਦੀ ਲੋੜ ਹੈ। ਵਿਦਿਆ ਦਾ ਪਸਾਰ ਕਰਨ ਦੀ ਲੋੜ ਹੈ। ਖਾਸ ਕਰਕੇ ਬੇਟੀਆਂ ਨੂੰ ਵਿਦਿਆ ਦੀ ਜਾਇਦਾਦ ਦੇਣ ਦੀ ਲੋੜ ਹੈ। ਇਸ ਤਰ੍ਹਾਂ ਕਰਕੇ ਅਸੀਂ ਸਹੀ ਸ਼ਬਦਾਂ ਵਿਚ 'ਬੇਗਮਪੁਰਾ' ਦਾ ਸੁਪਨਾ ਸਾਕਾਰ ਕਰ ਸਕਦੇ ਹਾਂ। ■

**ਰਛਪਾਲ ਸਿੰਘ ਬੱਧਣ** (ਡਾ. ਅੰਬੇਡਕਰ ਨੈਸ਼ਨਲ ਪੁਰਸਕਾਰ ਨਾਲ ਸਨਮਾਨਿਤ)
N.B. 180 ਸੋਡਲ ਰੋਡ, ਜਲੰਧਰ 144004 • M: 94176 10120 • T: 0181 2490 309



# ਤਨਿ ਸੁਗੰਧ ਢੂਢੈ ਪ੍ਰਦੇਸੁ

ਅੱਜ ਦੇ ਅਤਿ ਆਧੁਨਿਕ ਯੁੱਗ ਵਿੱਚ ਸਾਰਾ ਸੰਸਾਰ ਇੱਕ ਪਿੰਡ ਦੀ ਤਰ੍ਹਾਂ ਹੋ ਗਿਆ ਹੈ। ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜੇਕਰ ਕੋਈ ਘਟਨਾ ਵਾਪਰਦੀ ਹੈ ਤਾਂ ਇਸ ਦਾ ਇੰਝ ਪਤਾ ਚਲਦਾ ਹੈ ਜਿਵੇਂ ਉਹ ਸਾਡੇ ਗੁਆਂਢ ਵਿੱਚ ਹੀ ਹੋਈ ਹੋਵੇ। ਵਿਗਿਆਨ ਦੇ ਇਸ ਅਥਾਹ ਚਾਨਣ ਵਿੱਚ ਮਨੁੱਖ ਇਸ ਕਦਰ ਅੰਧ ਵਿਸ਼ਵਾਸ਼ੀ ਹੋਇਆ ਪਿਆ ਹੈ ਜਿਸ ਦੀ ਕੋਈ ਸੀਮਾ ਨਹੀਂ। ਅਨਪੜ ਬੰਦੇ ਲਈ ਤਾਂ ਕਹਿ ਸਕਦੇ ਹਾਂ ਕਿ ਇਸ ਨੂੰ ਵਿਗਿਆਨ ਦੀ ਪੂਰੀ ਸੋਝੀ ਨਹੀਂ ਪ੍ਰੰਤੂ ਪੜਿਆ-ਲਿਖਿਆ ਬੰਦਾ ਉਸ ਤੋਂ ਵੀ ਅੱਗੇ ਤੁਰਿਆ ਹੋਇਆ ਹੈ। ਅਸੀਂ ਰੱਬ ਨੂੰ ਪਾਉਣ ਜਾਂ ਉਸ ਦੇ ਦਰਸ਼ਨ ਕਰਨ ਲਈ ਬੜੀਆਂ ਕਠਿਨ ਤੀਰਥ ਯਾਤਰਾਵਾਂ ਤੇ ਤੁਰੇ ਹੋਏ ਹਾਂ। ਅੱਜ ਵੀ ਲੋਕ ਜੋਤਸ਼ੀਆਂ, ਤਾਂਤਰਿਕਾਂ ਅਤੇ ਪਾਖੰਡੀਆਂ ਕੋਲ ਇੰਝ ਫਸਦੇ ਹਨ ਜਿਵੇਂ ਉਹ ਪੱਥਰ ਯੁੱਗ ਵਿੱਚ ਰਹਿ ਰਹੇ ਹੋਣ।

ਇਹ ਅੰਧ ਵਿਸ਼ਵਾਸੀ ਲੋਕ ਕੌਣ ਹਨ ਜਿਹੜੇ ਪ੍ਰਮਾਤਮਾ ਵਿੱਚ ਗਿਆਨ ਵਿਹੂਣੀ ਸ਼ਰਧਾ ਵਿਸ਼ਵਾਸ ਰੱਖਦੇ ਹਨ। ਹਰ ਇਕ ਧਾਰਮਿਕ ਅਸਥਾਨ ਵਿੱਚ ਉਸ ਦਾ ਨਿਵਾਸ ਸਮਝਦੇ ਹਨ। ਪਰ ਸ਼ਾਇਦ ਹਰ ਜੀਵ ਵਿਚ ਉਸ ਦਾ ਨਿਵਾਸ ਸਮਝਦੇ ਹੋਣ ਜਾਂ ਨਾ। ਜਿਹੜੇ ਧਾਰਮਿਕਤਾ ਨੂੰ ਨੇੜਿਓ ਹੋ ਕੇ ਨਹੀਂ ਵਾਚਦੇ ਜਿਹਨਾਂ ਦੇ ਮਨ ਵਿਚ ਧਾਰਮਿਕਤਾ ਪ੍ਰਤੀ ਡਰ ਵਹਿਮ ਹੁੰਦਾ ਹੈ। ਜਿਹੜੇ ਰਾਤੋ-ਰਾਤ ਅਮੀਰ ਹੋਣ ਦੇ ਲਾਲਚ ਵਿੱਚ ਹੋਣ। ਜਿਹੜੇ ਬਿਨ੍ਹਾਂ ਮਿਹਨਤ-ਲਗਨ ਦੇ ਸਫਲ ਹੋਣ, ਮਨ ਦੀਆਂ ਇਛਾਵਾਂ ਨੂੰ ਪੂਰੀਆਂ ਕਰਨ ਦੇ ਚਾਹਵਾਨ ਹੋਣ। ਜੋ ਲੋਕ ਧਾਰਮਿਕਤਾ ਦੇ ਵਿੱਚ ਵਿਚਰਦੇ ਹਨ ਜਾਂ ਧਾਰਮਿਕ ਆਗੂ ਬਣਦੇ ਹਨ, ਉਹਨਾਂ ਵਿਚੋਂ ਕੁਝ ਨੂੰ ਤਾਂ ਧਾਰਮਿਕਤਾ ਦਾ ਗਿਆਨ ਹੋ ਜਾਂਦਾ ਹੈ ਤੇ ਉਹ ਧਾਰਮਿਕ ਆਡੰਬਰਾਂ, ਪਾਖੰਡਾਂ ਜਾਂ ਲੋਕ-ਦਿਖਾਵੇ ਤੋਂ ਨਿਰਲੇਪ ਹੋ ਜਾਂਦੇ ਹਨ। ਜੋ ਲੋਕ ਧਾਰਮਿਕਤਾ ਨੂੰ ਆਪਣੇ ਮਨ ਦੀ ਇੱਛਾ ਅਨੁਸਾਰ ਲੈਂਦੇ ਹਨ ਉਹ ਸਿਰਫ ਮਨ ਦੀ ਤ੍ਰਿਪਤੀ ਹੀ ਕਰਦੇ ਹਨ। ਕੁਝ ਲੋਕ ਧਾਰਮਿਕਤਾ ਵਿੱਚ ਵਿਚਰਦਿਆਂ ਉਸ ਨੂੰ ਸਮਝ ਨਹੀਂ ਪਾਉਂਦੇ ਤੇ ਉਹੀ ਕਰਦੇ ਰਹਿੰਦੇ ਹਨ ਜੋ ਆਮ ਲੋਕ ਕਰਦੇ ਹਨ। ਕੁਝ ਧਾਰਮਿਕ ਆਗੂਆਂ ਦੀ ਸ਼ਰਧਾ ਹੀ ਮਨਫੀ ਹੋ ਜਾਂਦੀ ਹੈ ਤੇ ਉਹ ਰੀਤੀ-ਰਿਵਾਜ਼ ਨਿਭਾਉਣ, ਲੋਕ ਦਿਖਾਵਾ ਕਰਨ ਜਾਂ ਆਪਣੀ ਡਿਊਟੀ ਵਜੋਂ ਹੀ ਇਹ ਸਭ ਕੁਝ ਕਰਦੇ ਹਨ। ਕਿਉਂਕਿ ਜੇਕਰ ਧਾਰਮਿਕ ਆਗੂ, ਪ੍ਰਚਾਰਕ ਅਜਿਹੇ ਕਰਮਕਾਂਡ ਕਰਨਗੇ ਤਾਂ ਹੀ ਬਾਕੀ ਜਨਤਾ ਕਰੂਗੀ।

ਅਸੀਂ ਦੇਖਦੇ ਹਾਂ ਕਿ ਲੋਕ ਧਾਰਮਿਕ ਸਥਾਨਾਂ ਤੇ ਮੱਥਾ ਟੇਕਣ ਜਾਂ ਦਰਸ਼ਨ ਕਰਨ ਲਈ ਘੰਟਿਆਂ ਬੱਧੀ ਕਤਾਰਾਂ ਵਿੱਚ ਖੜ ਕੇ ਇੰਤਜਾਰ ਕਰਦੇ ਹਨ। ਉਹ ਵੀ ਅੱਤ ਦੀ ਗਰਮੀ, ਸਰਦੀ, ਧੱਕਾਮੁੱਕੀ ਅਤੇ ਤਣਾਅ ਭਰੇ ਮਹੌਲ ਵਿੱਚ। ਲੋਕ ਸੈਂਕੜੇ ਮੀਲਾਂ ਦਾ ਪੰਧ ਪੈਦਲ ਤੀਰਥ ਯਤਰਾਵਾਂ ਨਾਲ ਕਰਦੇ ਹਨ। ਪਰ ਕੀ ਸਾਡੇ ਦੇਸ਼ ਦੇ ਮੰਤਰੀ, ਅਫਸਰ, ਐਕਟਰ, ਜਾਂ ਹੋਰ ਪ੍ਰਸਿੱਧੀ ਪ੍ਰਾਪਤ ਲੋਕ ਜਾਂ ਹੋਰ ਸਮਾਜਿਕ ਆਗੂ ਮੱਥਾ ਟੇਕਣ, ਦਰਸ਼ਨ ਕਰਨ ਲਈ ਕਤਾਰਾਂ ਵਿੱਚ ਖੜ੍ਹਕੇ ਘੰਟਿਆਂ ਬੱਧੀ ਇੰਤਜ਼ਾਰ ਕਰਦੇ ਹਨ? ਕੀ ਉਹ ਧਾਰਮਿਕ ਪੈਦਲ ਯਾਤਰਾਵਾਂ ਕਰਦੇ ਹਨ? ਸਾਡੇ ਆਲੇ-ਦੁਆਲੇ ਅਕਸਰ ਹੀ ਧਾਰਮਿਕ ਮੇਲੇ ਜਾਂ ਸਮਾਗਮ ਲੱਗਦੇ ਹਨ ਜਿਥੇ ਬੜਾ ਭੀੜ ਭੜੱਕਾ ਹੁੰਦਾ ਹੈ ਤੇ ਮੱਥਾ ਟੇਕਣ ਲਈ ਲੰਬੀਆਂ-ਲੰਬੀਆਂ ਕਤਾਰਾਂ ਲੱਗਦੀਆਂ ਹਨ। ਇਨ੍ਹਾਂ ਕਤਾਰਾਂ ਨੂੰ ਜਰਾ ਗਹੁ ਨਾਲ ਦੇਖੋ ਕਿ ਕੀ ਇਨ੍ਹਾਂ ਵਿੱਚ ਤੁਹਾਡੇ ਸ਼ਹਿਰ, ਪਿੰਡ ਦੇ ਅਮੀਰ, ਅਫਸਰ ਜਾਂ ਪੜ੍ਹੇ-ਲਿਖੇ ਲੋਕ ਕਤਾਰ ਵਿੱਚ ਲੱਗੇ ਹੁੰਦੇ ਹਨ? ਬਿਲਕੁੱਲ ਨਹੀ। ਪਰ ਇਥੇ ਕਹਿਣ ਦਾ ਮਤਲਬ ਇਹ ਨਹੀਂ ਕਿ

ਉਹਨਾਂ ਨੂੰ ਤਾਂ ਪ੍ਰਮਾਤਮਾ ਦਾ ਗਿਆਨ ਹੋ ਗਿਆ ਹੈ ਜਾਂ ਪ੍ਰਮਾਤਮਾ ਲੱਭ ਪਿਆ ਹੈ। ਪਰ ਉਹਨਾਂ ਨੂੰ ਇਸ ਗੱਲ ਦਾ ਭਲੀਭਾਂਤ ਪਤਾ ਹੈ ਕਿ ਅਜਿਹਾ ਧਾਰਮਿਕ ਅਡੰਬਰ ਕਰਨ ਦਾ ਕੋਈ ਲਾਭ ਨਹੀਂ। ਪ੍ਰੰਤੂ ਆਡੰਬਰ ਰਚਾਉਣ ਲਈ ਇਹਨਾਂ ਵਿਚੋਂ ਕੁਝ ਲੋਕ ਪੈਸਾ ਖਰਚਦੇ ਹਨ ਤਾਂ ਕਿ ਇਹ ਸਮਾਜ ਇਸ ਵਿੱਚ ਉਲਝਿਆ ਰਹੇ। ਦਰਸ਼ਨ ਕਰਨ ਦਾ ਸਾਡਾ ਮਨੋਰਥ ਕੀ ਹੈ? ਕੀ ਇਹ ਮਨੋਰਥ ਸਾਰਥਕ ਹੈ? ਅਸਲ ਵਿੱਚ ਪ੍ਰਮਾਤਮਾ, ਗੁਰੂ, ਪੀਰ, ਪੈਗੰਬਰ ਦੇ ਦਰਸ਼ਨ ਕਰਨ ਦਾ ਕੋਈ ਲਾਭ ਨਹੀਂ ਜਿਨਾਂ ਚਿਰ ਅਸੀਂ ਉਸ ਦੀ ਵਿਚਾਰਧਾਰਾ, ਉਸ ਦੇ ਗਿਆਨ, ਹੁਕਮ ਨੂੰ ਆਪਣੇ ਜੀਵਨ ਵਿੱਚੋਂ ਢਾਲਦੇ ਨਹੀਂ। ਗੁਰਬਾਣੀ ਕਹਿੰਦੀ ਹੈ ਕਿ ਪ੍ਰਮਾਤਮਾ ਨੂੰ ਸਾਰਾ ਸੰਸਾਰ ਦੇਖ ਰਿਹਾ ਹੈ ਪ੍ਰੰਤੂ ਓਨਾ ਚਿਰ ਉਸ ਨੂੰ ਦੇਖੀ ਜਾਣ ਦਾ ਕੋਈ ਲਾਭ ਨਹੀਂ ਜਿਨਾਂ ਚਿਰ ਅਸੀਂ ਉਸ ਦੇ ਹੁਕਮ ਨੂੰ ਬੈਠਕੇ ਵਿਚਾਰਦੇ ਨਹੀਂ ਹਾਂ।


**ਸਤਿਗੁਰੂ ਨੂੰ ਸਭ ਦੇਖਦਾ, ਜੇਤਾ ਜਗਤ ਸੰਸਾਰ ॥ ਡਿਠੈ ਮੁਕਤ ਨ ਹੋਵਈ ਜਿਚਰ ਸ਼ਬਦ ਨ ਕਰੇ ਵਿਚਾਰ ॥**

ਕੁਝ ਲੋਕਾਂ ਦੀ ਸ਼ਰਧਾ ਕਿਸੇ ਖਾਸ ਧਾਰਮਿਕ ਅਸਥਾਨ ਨਾਲ ਜੁੜੀ ਹੁੰਦੀ ਹੈ ਤੇ ਉਸ ਨੂੰ ਹੀ ਸਭ ਤੋਂ ਉੱਤਮ ਸਮਝਦਾ ਹੈ। ਕੁਝ ਲੋਕ ਪੀੜੀ ਦਰ ਪੀੜੀ ਕਿਸੇ ਖਾਸ ਧਾਰਮਿਕ ਅਸਥਾਨ ਨਾਲ ਜੁੜੇ ਹੁੰਦੇ ਹਨ। ਉਹਨਾਂ ਦੀ ਮਾਨਸਿਕਤਾ ਉਸ ਦਾਇਰੇ ਤੱਕ ਹੀ ਸੀਮਤ ਹੋ ਜਾਂਦੀ ਹੈ ਜਾਂ ਉਹ ਉਸ ਦਾਇਰੇ ਵਿੱਚ ਹੀ ਬੱਝ ਜਾਂਦਾ ਹੈ। ਇਸ ਤਰ੍ਹਾਂ ਉਹ ਬਾਹਰੀ ਗਿਆਨ ਤੋਂ ਅਧੂਰਾ ਰਹਿ ਜਾਂਦਾ ਹੈ। ਉਸ ਦਾਇਰੇ ਵਿੱਚ ਬੱਝਣ ਦਾ ਤਾਂ ਹੀ ਲਾਭ ਹੋਏਗਾ ਜੇਕਰ ਸਾਨੂੰ ਉਥੋਂ ਸਮੁੱਚਾ ਗਿਆਨ ਮਿਲ ਰਿਹਾ ਹੈ ਜਾਂ ਅਸੀਂ ਗਿਆਨ ਲੈ ਰਹੇ ਹਾਂ ਪ੍ਰੰਤੂ ਜੇਕਰ ਅਜਿਹਾ ਨਹੀਂ ਹੈ ਸਿਰਫ ਸਾਡੀ ਮਾਨਸਿਕ ਤ੍ਰਿਪਤੀ ਹੀ ਹੋ ਰਹੀ ਹੈ ਤਾਂ ਇਸ ਦਾ ਸਾਨੂੰ ਨੁਕਸਾਨ ਹੋਏਗਾ।

ਅੱਜ ਵਿਦਿਆ ਦਾ ਚੁਫਰੇ ਚਾਨਣ ਹੈ। ਗਿਆਨ ਪ੍ਰਾਪਤ ਕਰਨ ਲਈ ਸਾਨੂੰ ਕਠਿਨ, ਯਾਤਰਾਵਾਂ ਜਾਂ ਕਰਮਕਾਂਡ ਕਰਨ ਜਾਂ ਹੋਰ ਆਡੰਬਰ ਕਰਕੇ ਸਮਾਂ ਅਤੇ ਪੈਸਾ ਬਰਬਾਦ ਕਰਨ ਦੀ ਲੋੜ ਨਹੀਂ। ਅਸੀਂ ਘਰ ਬੈਠੇ ਹੀ ਗ੍ਰੰਥਾਂ, ਸਟੀਕਾਂ, ਕਿਤਾਬਾਂ, ਸੀ.ਡੀ., ਟੀ.ਵੀ., ਇੰਟਰਨੈਟ ਰਾਹੀ ਗਿਆਨ ਪ੍ਰਾਪਤ ਕਰ ਸਕਦੇ ਹਾਂ। ਗਿਆਨ ਪ੍ਰਾਪਤੀ ਲਈ ਦੂਰ-ਦੂਰ ਤੇ ਜਾਣ-ਆਉਣ ਦੀ ਲੋੜ ਨਹੀਂ। ਸੋਚਣ ਦੀ ਗੱਲ ਇਹ ਵੀ ਹੈ ਕਿ ਅਸੀਂ ਸਕੂਲ ਕਾਲੇਜ ਵਿੱਚ ਗਿਆਨ ਪ੍ਰਾਪਤ ਕਰਨ ਲਈ ਜਾਂਦੇ ਹਾਂ। ਪਰ ਕੀ ਅਸੀਂ ਸਾਰੀ ਉਮਰ ਹੀ ਸਕੂਲ, ਕਾਲਜ ਜਾਂ ਟੀਚਰ ਕੋਲ ਪੜ੍ਹਨ ਜਾਂਦੇ ਰਹਿੰਦੇ ਹਾਂ? ਜੇਕਰ ਜ਼ਿੰਦਗੀ ਵਿੱਚ 25-30 ਸਾਲ ਜੀਅ ਕੇ ਸਾਨੂੰ ਗਿਆਨ ਹਾਸਿਲ ਨਹੀਂ ਹੋਇਆ ਕੀ ਬੁੱਢੇ ਹੋ ਕੇ ਜਾਂ ਰੁਝੇਵਿਆਂ ਤੇ ਸਮੱਸਿਆਵਾਂ ਭਰੀ ਜ਼ਿੰਦਗੀ ਵਿੱਚ ਸਕੂਲ ਜਾਂ ਟੀਚਰਾਂ ਕੋਲ ਜਾ ਕੇ ਗਿਆਨ ਹਾਸਲ ਕਰ ਸਕਾਂਗੇ? ਅਸਲ ਵਿੱਚ ਗਿਆਨ ਜਾਂ ਪ੍ਰਭ ਪ੍ਰਾਪਤੀ ਦਾ ਸੋਮਾ ਕਿੱਥੇ ਹੈ? ਸਤਿਗੁਰੂ ਰਵਿਦਾਸ ਜੀ ਦੇ ਪਾਵਨ ਬਚਨਾਂ ਨਾਲ ਇਸ ਚਰਚਾ ਦਾ ਨਿਬੇੜਾ ਕਰਦੇ ਹਾਂ। ਸਤਿਗੁਰ ਜੀ ਕੁਰੰਕ ਭਾਵ ਹਿਰਨ ਦੀ ਉਦਾਹਰਨ ਦਿੰਦੇ ਸਮਝਾਉਂਦੇ ਹਨ ਕਿ ਹਿਰਨ ਸੁਗੰਧੀ ਨੂੰ ਬਾਹਰੋ ਕਿਉਂ ਭਾਲਦਾ ਪਿਆ ਹੈ?


**ਜੈਸੇ ਕੁਰੰਕ ਨਹੀਂ ਪਾਇਓ ਭੇਦ ॥ ਤਨ ਸੁਗੰਧ ਢੂਢੈ ਪਰਦੇਸਿ ॥**
**ਅਪ ਤਨ ਕਾ ਜੋ ਕਨੇ ਬੀਚਾਰੁ ॥ ਤਿਨ ਨਹੀਂ ਜਨ ਕੰਕਰੁ ਕਰੇ ਖੁਆਰੁ ॥**

ਗੁਰੂ ਜੀ ਸਮਝਾਉਂਦੇ ਹਨ ਕਿ ਕੁਰੰਕ (ਹਿਰਨ) ਨੂੰ ਇੱਕ ਸੁੰਗਧੀ ਆਉਂਦੀ ਹੈ। ਉਹ ਸੁਗੰਧੀ ਕਿਥੋਂ ਆ ਰਹੀ ਹੈ ਇਸ ਨੂੰ ਲੱਭਣ ਲਈ ਉਹ ਸਾਰਾ ਜੰਗਲ ਫਰੋਲਦਾ ਫਿਰਦਾ ਹੈ। ਦਰ-ਅਸਲ ਸੁਗੰਧੀ ਹਿਰਨ ਦੀ ਨਾਭੀ (ਧੁੰਨੀ) ਵਿਚੋਂ ਹੀ ਆਉਂਦੀ ਹੈ। ਪਰ ਹਿਰਨ ਨੂੰ ਇਸ ਦਾ ਗਿਆਨ ਨਹੀਂ। ਸੋ ਇਸੇ ਪ੍ਰਕਾਰ ਮਨੁੱਖ ਪ੍ਰਭ ਪ੍ਰਾਪਤੀ ਜਾਂ ਗਿਆਨ ਪ੍ਰਾਪਤੀ ਲਈ ਥਾਂ-ਥਾਂ ਭਟਕ ਰਿਹਾ ਹੈ ਪ੍ਰੰਤੂ ਪ੍ਰਾਪਤੀ ਦਾ ਸੋਮਾ ਮਨੁੱਖ ਦੇ ਅੰਦਰ ਹੀ ਹੈ। ਇਸ ਲਈ ਜੋ ਮਨੁੱਖ ਇਸ ਅਗਿਆਨਤਾ ਨੂੰ ਦੂਰ ਕਰਕੇ ਪ੍ਰਭ ਦਾ ਸਿਮਰਨ ਕਰਦਾ ਹੈ ਉਹ ਜਮਦੂਤਾਂ ਦੀ ਖੁਆਰੀ ਤੋਂ ਬਚ ਜਾਂਦਾ ਹੈ ਅਤੇ ਜੀਵਨ ਦਾ ਲਕਸ਼ ਪ੍ਰਾਪਤ ਕਰ ਲੈਂਦਾ ਹੈ। ■



**ਚਰਨਜੀਤ ਸਿੰਘ ਬਿਨਪਾਲਕੇ**
**ਪਿੰਡ ਬਿਨਪਾਲਕੇ (ਜਲੰਧਰ)**
**98148 39944**

# ਵਹਿਮਾਂ-ਭਰਮਾਂ ਅਤੇ ਅੰਧ ਵਿਸ਼ਵਾਸ਼ਾਂ ਦਾ ਮਨੁੱਖ ਉਤੇ ਪ੍ਰਭਾਵ ਕਿਉਂ ਅਤੇ ਕਿਵੇਂ



ਕੀ ਪੜਿਆ ਅਤੇ ਕੀ ਅਨਪੜ੍ਹ ਸਮਾਜ ਸਾਰਾ ਵਹਿਮਾਂ ਭਰਮਾਂ ਅਤੇ ਅੰਧ ਵਿਸ਼ਵਾਸਾਂ ਦੇ ਜੰਜਾਲ ਵਿਚ ਫਸਿਆ ਹੋਇਆ ਹੈ। ਵਿਗਿਆਨ ਦਾ ਢੇਰ ਸਾਰਾ ਚਾਨਣ ਵੀ ਇਨ੍ਹਾਂ ਨੂੰ ਘਟਾ ਨਾ ਸਕਿਆ। ਅਸੀਂ ਰਾਤੋ ਰਾਤ ਅਮੀਰ ਹੋਣ, ਕਾਮਯਾਬ ਹੋਣ ਲਈ ਵਹਿਮਾਂ-ਭਰਮਾਂ ਜੋਤਸ਼ੀਆਂ, ਤਾਂਤਰਿਕਾਂ ਅਖੌਤੀ ਬਾਬਿਆਂ ਦਾ ਸਹਾਰਾ ਲੈ ਰਹੇ ਹਾਂ। ਹੁਣ ਜੇਕਰ ਮਿਸ ਪੂਜਾ ਰਾਤੋਂ ਰਾਤ ਸਟਾਰ ਬਣਕੇ ਦੁਨੀਆਂ ਵਿਚ ਪ੍ਰਸਿੱਧ ਹੋ ਗਈ ਤਾਂ ਉਸ ਪਿੱਛੇ ਕਿਸੇ ਬਾਬੇ ਦਾ ਹੱਥ ਨਹੀਂ, ਇਸ ਵਿੱਚ ਉਸ ਨੂੰ ਕੁਦਰਤ ਵੱਲੋਂ ਦਿੱਤੀ ਅਦੁੱਤੀ ਦੇਣ, ਉਸ ਦੀ ਆਪਣੀ ਮਿਹਨਤ ਅਤੇ ਲਗਨ ਦਾ ਹੱਥ ਹੈ। ਅਜਿਹੀ ਕੁਦਰਤੀ ਦੇਣ ਤਾਂ ਹਰ ਇੱਕ ਨੂੰ ਮਿਲਦੀ ਨਹੀਂ, ਪਰ ਇਸ ਨੂੰ ਮਿਹਨਤ, ਲਗਨ ਨਾਲ ਕਾਫੀ ਹੱਦ ਤੱਕ ਨਿਖਾਰਿਆ ਜਾ ਸਕਦਾ ਹੈ।

ਲੋਕ ਬਹੁਤ ਸਾਰੀਆਂ ਲਾ-ਇਲਾਜ ਤੇ ਗੰਭੀਰ ਬੀਮਾਰੀਆਂ ਤੋਂ ਪੀੜਤ ਹਨ, ਘਰ ਵਿੱਚ ਕਲੇਸ਼, ਕਾਰੋਬਾਰ ਵਿੱਚ, ਖੜੋਤ ਨੌਕਰੀ, ਵਿਆਹ-ਸ਼ਾਦੀ, ਪੜ੍ਹਾਈ, ਵਿਦੇਸ਼ ਜਾਣ ਵਿੱਚ ਰੁਕਾਵਟ, ਅਜਿਹੀਆਂ ਸਮੱਸਿਆਵਾਂ ਹਰ ਇਕ ਨੂੰ ਹਨ ਇਹਨਾਂ ਦੇ ਹੱਲ ਲਈ ਅਸੀਂ ਅੱਜ ਵੀ ਸੁਆਹ ਦੀਆਂ ਪੁੜੀਆਂ, ਧਾਗੇ-ਤਵੀਤਾਂ, ਟੂਣਿਆਂ, ਅਤੇ ਚਮਤਕਾਰਾਂ ਤੋਂ ਆਸ ਲਗਾਈ ਬੈਠੇ ਹਾਂ। ਇਸੇ ਕਰਕੇ ਤਾਂ ਜੋਤਸ਼ੀਆਂ, ਤਾਂਤਰਿਕਾਂ ਅਤੇ ਅਖੌਤੀ ਬਾਬਿਆਂ ਦੀਆਂ ਦੁਕਾਨਾਂ ਤਰੱਕੀ ਵਿੱਚ ਹਨ। ਇਨ੍ਹਾਂ ਚਮਤਕਾਰਾਂ ਦੀ ਅਸਲੀਅਤ ਕੀ ਹੈ? ਆਉ ਜਾਣੀਏ।

**ਚਮਤਕਾਰੀ ਸੁਆਹ ਦੀ ਪੁੜੀ**-ਅੱਜ ਵੀ ਲੋਕਾਂ ਨੂੰ ਕਹਿੰਦਿਆਂ ਸੁਣਿਆ ਜਾਂਦਾ ਹੈ ਕਿ ਜੇਕਰ ਬੀਮਾਰੀ ਤੋਂ ਅਰਾਮ ਆਉਣਾ ਹੋਵੇ ਤਾਂ ਸੁਆਹ ਦੀ ਪੁੜੀ ਨਾਲ ਆ ਸਕਦਾ ਹੈ। ਇਸ ਤਰ੍ਹਾਂ ਅਸੀਂ ਚਮਤਕਾਰੀ ਸੁਆਹ ਦੀ ਪੁੜੀ ਭਾਲਣ ਲਈ ਥਾਂ ਪਰ ਥਾਂ ਭਟਕ ਰਹੇ ਹਾਂ। ਸੁਆਹ ਦੀ ਪੂੜੀ ਨਾਲ ਅਰਾਮ ਕਿਵੇਂ ਆਉਂਦਾ ਹੈ? ਅਸਲ ਵਿੱਚ ਇਹ ਤਾਂ ਸਾਡੇ ਸਰੀਰ ਨੂੰ ਕੁਦਰਤ ਵਲੋਂ ਦਿੱਤੀ ਹੋਈ ਅਨਮੋਲ ਦਾਤ ਕਰਕੇ ਹੈ ਉਹ ਦਾਤ ਹੈ ਸਾਡੇ ਸਰੀਰ ਦਾ Immune System ( ਬੀਮਾਰੀਆਂ ਵਿਰੁੱਧ ਲੜਨ ਵਾਲੀ ਪ੍ਰਣਾਲੀ) ਪ੍ਰੰਤੂ ਅਸੀਂ ਆਪਣੇ ਇਸ ਸਿਸਟਮ ਨੂੰ ਬਰਬਾਦ ਕਰਨ ਤੇ ਤੁਲੇ ਹੋਏ ਹਾਂ। ਇਹ ਇੱਕ ਅਜਿਹਾ ਸਿਸਟਮ ਹੈ ਜਿਹੜਾ ਸਰੀਰ ਨੂੰ ਲੱਗਣ ਵਾਲੀਆਂ ਬੀਮਾਰੀਆਂ ਦੇ ਕੀਟਾਣੂਆਂ ਨੂੰ ਮਾਰਨ ਲਈ ਸੰਘਰਸ਼ ਕਰਦਾ ਹੈ।

ਕਈ ਵਾਰ ਬੀਮਾਰੀ ਹੋਣ ਤੇ ਅਸੀਂ ਅਖੌਤੀ ਬਾਬੇ ਤੋਂ ਸੁਆਹ ਦੀ ਪੂੜੀ ਲੈ ਲੈਂਦੇ ਹਾਂ ਜਾਂ ਧਾਗਾ ਤਵੀਤ, ਠਕਾਉਣਾ, ਜਲ ਪੜਾਉਣਾ, ਫੂਕ ਮਰਾਉਣੀ ਜਾਂ ਹੱਥ-ਹੌਲਾ ਕਰਵਾ ਲੈਂਦੇ ਹਾਂ। ਉਧਰੋ ਸਾਡੇ ਸਰੀਰ ਦਾ Immune System ਵੀ ਬੀਮਾਰੀ ਵਿਰੁੱਧ ਕੰਮ ਕਰ ਰਿਹਾ ਹੈ। ਸੋ ਕੰਮ ਤਾਂ ਸਾਡੇ ਸਰੀਰ ਦਾ Immune System ਕਰ ਜਾਂਦਾ ਹੈ ਪਰ ਵਾਹਵਾ ਬਾਬੇ ਦੀ ਪੂੜੀ, ਧਾਗਾ, ਤਵੀਤ ਜਾ ਹੱਥ ਠੋਕਾ ਖੱਟ ਲੈਂਦਾ ਹੈ। ਇਹੀ ਕਾਰਨ ਹੈ ਕਿ ਪੁਰਾਣੇ ਸਮੇਂ ਵਿੱਚ ਅਖੌਤੀ ਬਾਬਿਆਂ ਦੇ ਇਹ ਹੱਥ ਠੋਕੇ ਸੋ ਪ੍ਰਤੀਸ਼ਤ ਕਾਮਯਾਬ ਹੁੰਦੇ ਸਨ ਕਿਉਂ ਕਿ ਉਸ ਸਮੇਂ ਪ੍ਰਦੂਸ਼ਣ, ਖਾਦਾਂ, ਕੀਟਨਾਸ਼ਕ, ਅੰਨੀ ਦੌੜ ਭੱਜ ਤੇ ਹਾਈਬ੍ਰਿਡ ਖੁਰਾਕਾਂ ਨਹੀਂ ਸਨ ਲੋਕ ਦੇਸੀ ਖੁਰਾਕ ਖਾਂਦੇ, ਹੱਥੀ ਕੰਮ-ਕਾਰ ਕਰਦੇ ਸਨ ਇਸ ਕਰਕੇ ਉਹਨਾਂ ਦਾ Immune System, ਬੜਾ ਮਜ਼ਬੂਤ ਸੀ। ਕੁੱਝ ਵਾਇਰਲ ਇਨਫੈਕਸ਼ਨ ਦੀਆਂ ਬੀਮਾਰੀਆਂ ਜਿਵੇਂ, ਮਾਤਾ, ਪੀਲੀਆ ਆਦਿ ਦਾ ਸਮਾਂ ਹੁੰਦਾ ਹੈ ਜਿਸ ਨੇ ਨਿਯਤ ਸਮੇਂ ਦੇ ਅੰਦਰ ਆਪਣੇ ਆਪ ਵੀ ਠੀਕ ਹੋ ਜਾਣਾ ਹੁੰਦਾ ਹੈ। ਸੋ ਇਸ ਤਰ੍ਹਾਂ ਅਖੌਤੀ ਬਾਬੇ ਕਾਮਯਾਬ ਹੋ ਜਾਂਦੇ ਹਨ।

**ਹਲਕਾਏ ਕੁੱਤੇ ਦੇ ਕੱਟਣ ਤੇ** - ਜਦ ਕਿਸੇ ਨੂੰ ਕੋਈ ਕੁੱਤਾ, ਬਿੱਲੀ, ਨਿਉਲਾ, ਜਾਂ ਹੋਰ ਜਾਨਵਰ ਕੱਟ ਜਾਂਦਾ ਹੈ ਤਾਂ ਉਹ ਅਖੌਤੀ ਬਾਬੇ ਕੋਲੋ ਝਾੜ-ਫੂਕ ਕਰਵਾ ਲੈਂਦੇ ਹਨ। ਇਸ ਨਾਲ ਬਹੁਤ ਸਾਰੇ ਰੋਗੀ ਬੱਚ ਜਾਂਦੇ ਹਨ, ਜਾਂ ਠੀਕ ਹੋ ਜਾਂਦੇ ਹਨ ਅਤੇ ਕੁੱਝ ਝਾੜ-ਫੂਕ ਕਰ ਲੈਣ ਤੇ ਵੀ ਹਲਕਾਅ ਜਾਂ ਬੀਮਾਰੀ ਦਾ ਸ਼ਿਕਾਰ

ਹੋ ਜਾਂਦੇ ਹਨ। ਅਸਲ ਵਿਚ ਇਹ ਸਰੀਰ ਦੇ Immune System ਕਾਰਨ ਅਤੇ ਕੁੱਝ ਹੋਰ ਕਾਰਨਾਂ ਕਰਕੇ ਹੈ। 'ਡਾ. ਸਿਆਮ ਸੁੰਦਰ ਦੀਪਤੀ ਜੀ ਦੀ ਪੁਸਤਕ 'ਸਿਹਤ ਅਤੇ ਵਹਿਮ-ਭਰਮ' ਅਨੁਸਾਰ- ਹਲਕਾਅ ਹੋਣ ਬਾਰੇ ਇੱਕ ਇਹ ਵੀ ਵਿਗਿਆਨਿਕ ਸੱਚਾਈ ਹੈ ਕਿ ਜੇਕਰ ਕੋਈ ਸੱਚਮੁੱਚ ਹੀ ਹਲਕਿਆਂ ਕੁੱਤਾ 100 ਵਿਅਕਤੀਆਂ ਨੂੰ ਕੱਟੇਗਾ ਤਾਂ ਉਨ੍ਹਾਂ ਵਿਚੋਂ ਅੱਧਿਆਂ ਨੂੰ ਇਹ ਬੀਮਾਰੀ ਨਹੀਂ ਹੋਏਗੀ। ਜਿਨ੍ਹਾਂ ਨੂੰ ਹੋ ਜਾਵੇਗੀ ਉਹ ਬਚਣਗੇ ਨਹੀਂ। ਕਿਉਂਕਿ ਇੱਕ ਵਾਰੀ ਹਲਕਾਅ ਹੋ ਗਿਆ ਤਾਂ ਉਹ ਵਿਅਕਤੀ ਬਚਦਾ ਨਹੀਂ। ਜਦੋਂ ਕਿ ਕਈ ਕੁੱਤੇ ਹਲਕੇ ਨਹੀਂ ਹੁੰਦੇ (ਲੇਕਿਨ ਇਸ ਵਾਰੇ ਵੈਟਰਨਰੀ ਡਾਕਟਰ ਹੀ ਦੱਸ ਸਕਦਾ ਹੈ, ਕਿ ਕੁੱਤਾ ਹਲਕਿਆ ਹੈ ਜਾਂ ਨਹੀਂ) ਉਹ ਕਿਸੇ ਹੋਰ ਵਜ੍ਹਾ ਕਾਰਨ ਵੀ ਕੱਟ ਲੈਂਦੇ ਹਨ। ਇਸ ਤਰ੍ਹਾਂ ਕੁੱਲ ਕੁੱਤੇ ਕੱਟੇ ਹੋਏ ਲੋਕਾਂ ਵਿਚੋਂ ਤਕਰੀਬਨ 15 ਪ੍ਰਤੀਸ਼ਤ ਹੀ ਹਲਕਾਅ ਦੀ ਸ਼ਕਲ ਅਖਤਿਆਰ ਕਰਦੇ ਹਨ।

ਹੁਣ ਜਿਨ੍ਹਾਂ ਲੋਕਾਂ ਨੂੰ ਹਲਕਾਅ ਨਹੀਂ ਹੁੰਦਾ ਇਹ ਵਿਸ਼ਾਣੂਆਂ ਦੀ ਤਾਦਾਦ ਤੇ ਨਿਰਭਰ ਕਰਦਾ ਹੈ ਜਾਂ ਆਦਮੀ ਦੀ ਸ਼ਰੀਰਕ ਬਣਤਰ ਤੇ ਜਾਂ ਸਾਰੀਆਂ ਗੱਲਾਂ ਰਲਕੇ ਕੋਈ ਅਜਿਹੀ ਭੂਮਿਕਾ ਅਦਾ ਕਰਦੀਆਂ ਹਨ, ਪਰ ਜਿਨ੍ਹਾਂ ਨੂੰ ਹਲਕਾਅ ਹੋਣਾ ਹੈ ਉਨ੍ਹਾਂ ਨੇ ਮੌਤ ਦੇ ਮੂੰਹ ਵਿਚ ਹੀ ਜਾਣਾ ਹੈ। ਸੋ ਇਸ ਤਰ੍ਹਾਂ ਬਚੇ ਹੋਏ 85 ਪ੍ਰਤੀਸ਼ਤ ਲੋਕ ਹੀ ਬਾਬਿਆਂ ਦਾ ਤੋਰੀ ਫੁਲਕਾ ਚਲਾਉਣ ਦਾ ਕਾਰਨ ਬਣਦੇ ਹਨ ਤੇ ਇਸ ਕੁਦਰਤੀ ਤੌਰ ਤੇ ਬਚਣ ਵਾਲੇ ਹੀ ਬਾਬੇ ਦੇ ਪ੍ਰਚਾਰ ਤੇ ਪ੍ਰਸਾਰ ਦਾ ਕਾਰਨ ਬਣਦੇ ਹਨ। ਇਸ ਗੱਲ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਜੇਕਰ ਬਾਬਿਆਂ ਕੋਲੋ ਸਾਡਾ ਕੋਈ ਕੰਮ ਠੀਕ ਨਹੀਂ ਹੁੰਦਾ ਤਾਂ ਸਾਨੂੰ ਕਦੇ ਵੀ ਰੋਸ ਨਹੀਂ ਹੁੰਦਾ ਕਿਉਂਕਿ ਇਸ ਨੂੰ ਅਸੀਂ ਆਪਣੀ ਕਿਸਮਤ ਨਾਲ ਜੋੜ ਲੈਂਦੇ ਹਾਂ। ਪ੍ਰੰਤੂ ਜੇਕਰ ਸਾਨੂੰ ਕਿਸੇ ਡਾਕਟਰ ਕੋਲੋਂ ਅਰਾਮ ਨਹੀਂ ਆਉਂਣਾ ਤਾਂ ਅਸੀਂ ਥਾਂ ਪਰ ਥਾਂ ਦੱਸਦੇ ਫਿਰਦੇ ਹਾਂ।

**ਮਾਨਸਿਕ ਰੋਗੀਆਂ ਦਾ ਇਲਾਜ-** ਜਦੋਂ ਮਨੁੱਖ ਮਾਨਸਿਕ ਰੋਗੀ ਹੋ ਜਾਂਦਾ ਹੈ ਤਾਂ ਉਹ ਉਦਾਸ ਰਹਿੰਦਾ ਹੈ, ਚੁੱਪ ਰਹਿੰਦਾ ਹੈ ਜਾਂ ਕਈ ਵਾਰ ਅਵਾ-ਤਵਾ ਬੋਲਦਾ ਹੈ ਅਜੀਬੋ-ਗਰੀਬ ਹਰਕਤਾਂ ਕਰਦਾ ਹੈ। ਅਜਿਹੇ ਰੋਗੀ ਨੂੰ ਉਪਰੀ ਕਸਰ, ਭੂਤ ਪ੍ਰੇਤ, ਬਾਬੇ ਦੀ ਭੁੱਲ, ਕਿਸੇ ਚੀਜ਼ ਦਾ ਪਹਿਰਾ, ਜਾਂ ਕਿਸੇ ਦਾ ਕੀਤਾ ਕਰਾਇਆ ਸਮਝਿਆ ਜਾਂਦਾ ਹੈ ਤੇ ਅਜਿਹੇ ਰੋਗੀਆਂ ਨੂੰ ਡਾਕਟਰ ਕੋਲ ਘੱਟ ਤੇ ਬਾਬਿਆਂ, ਸਿਆਣਿਆਂ, ਤਾਂਤਰਿਕ ਕੋਲ ਜ਼ਿਆਦਾ ਲਿਜਾਇਆ ਜਾਂਦਾ ਹੈ। ਇਨ੍ਹਾਂ ਕੋਲੋਂ ਕੁਝ ਮਰੀਜ਼ ਤਾਂ ਠੀਕ ਹੋ ਜਾਂਦੇ ਹਨ ਅਤੇ ਜੋ ਠੀਕ ਨਹੀਂ ਹੁੰਦੇ ਉਹ ਪਾਗਲ ਹੋਣ ਦੀ ਨੌਬਤ ਤੱਕ ਆ ਜਾਂਦੇ ਹਨ। ਅਜਿਹੇ ਰੋਗੀਆਂ ਦਾ ਇਲਾਜ ਅਸਾਨੀ ਨਾਲ ਜਾਂ ਸਮਾਂ ਪੈਣ ਤੇ ਰੋਗੀ ਦੀ ਸਮੱਸਿਆ ਠੀਕ ਹੋਣ ਨਾਲ ਆਪਣੇ ਆਪ ਹੋ ਜਾਂਦਾ ਹੈ ਪਰ ਸਿਆਣਿਆਂ, ਤਾਂਤਰਿਕਾਂ ਦਾ ਤੋਰ ਫੁਲਕਾ ਚਲਦਾ ਰਹਿੰਦਾ ਹੈ। ਕੁਝ ਰੋਗੀਆਂ ਦਾ ਇਲਾਜ ਤਾਂ ਤਰਕਸ਼ੀਲ ਹੀ ਕਰ ਦਿੰਦੇ ਹਨ ਉਹ ਨਾ ਤਾਂ ਡਾਕਟਰ ਹਨ ਤੇ ਨਾਂ ਬਾਬੇ। ਇਸ ਤਰ੍ਹਾਂ ਕੁਝ ਮਾਨਸਿਕ ਰੋਗੀਆਂ ਦਾ ਇਲਾਜ ਬਾਬਿਆਂ, ਸਿਆਣਿਆਂ ਤੋਂ ਕਰਾਉਣ ਦੀ ਵਿਜਾਏ ਤੁਸੀਂ ਖੁਦ ਕਰ ਸਕਦੇ ਹੋ। ਅਜਿਹੇ ਰੋਗੀ ਨੂੰ ਚੰਗੀ ਤਰ੍ਹਾਂ ਸਮਝਾ ਕੇ, ਚੰਗੇ ਵਿਚਾਰਾਂ ਰਾਹੀਂ ਉਸ ਦੇ ਮਨ 'ਚੋਂ ਵਹਿਮ ਕੱਢ ਕੇ, ਉਸ ਦੇ ਰੋਗੀ ਹੋਣ ਦਾ ਮੁੱਖ ਕਾਰਨ ਲੱਭ ਕੇ ਤੇ ਉਸ ਨੂੰ ਦੂਰ ਕਰਕੇ, ਘਰ ਵਿੱਚ ਵਧੀਆ ਖੁਸ਼ੀ ਵਾਲਾ ਮਾਹੌਲ ਬਣਾ ਕੇ ਰੋਗੀ ਨੂੰ ਅਰਾਮ ਦੇ ਉਸ ਦੀ ਚੰਗੀ ਦੇਖ-ਭਾਲ ਕਰਕੇ ਉਸ ਨੂੰ ਠੀਕ ਕੀਤਾ ਜਾ ਸਕਦਾ ਹੈ।

**ਅਖੌਤੀ ਬਾਬਿਆਂ, ਨੀਮ ਹਕੀਮਾਂ ਦੀਆਂ ਪੂੜੀਆਂ ਕੀ ਸਟੀਰਾਇਡ ਤਾਂ ਨਹੀਂ?-** ਅਸੀਂ ਦੇਸੀ ਦਵਾਈਆਂ ਨਾਲ ਇਲਾਜ ਕਰਾਉਂਦੇ ਹਾਂ ਤੇ ਕਈ ਵਾਰ ਉਸ ਦਵਾਈ ਦੇ ਪੂੜੀ ਦਾ ਗੋਲੀ ਤੇ ਕੋਈ ਲੇਬਲ ਨਹੀਂ ਹੁੰਦਾ ਕਿ ਇਸ ਦਵਾਈ ਵਿੱਚ ਕਿਹੜਾ ਸਾਲਟ ਹੈ। ਅੰਗਰੇਜ਼ੀ ਦਵਾਈਆਂ ਦੇ ਵਿੱਚ ਇਕ ਸਟੀਰਾਇਡ ਗਰੁੱਪ ਹੈ ਜਿਸ ਵਿੱਚ ਬੀਟਾਸੀਥਾਮੋਨ, ਜਿਵੇਂ ਬੈਟਨੀਸੋਲ, ਡੈਕਸਾਮੀਥਾਨੋਸ ਜਿਵੇਂ ਡੈਕਸੋਨਾ ਅਤੇ ਪਰੈਡਨੀਲੋਨ ਆਦਿ ਸਾਲਟ ਅਤੇ ਦਵਾਈਆਂ ਆਉਂਦੀਆਂ ਹਨ। ਇਸ ਨੂੰ Emergency Drug ਵੀ ਕਿਹਾ ਜਾ ਸਕਦਾ ਹੈ। ਇਹ ਬੀਮਾਰੀ ਤੋਂ ਇੱਕ ਦਮ ਰਾਹਤ ਦਿੰਦੀਆਂ ਹਨ ਪ੍ਰੰਤੂ ਪੱਕੇ ਤੌਰ ਤੇ ਠੀਕ ਨਹੀਂ ਕਰਦੀਆਂ। ਡਾਕਟਰ ਸਲਾਹ ਤੋਂ ਬਿਨਾਂ ਲੰਬੇ ਸਮੇਂ ਲਈ ਇਹ ਦਵਾਈਆਂ ਖਾਣੀਆਂ ਬਹੁਤ ਹਾਨੀਕਾਰਕ ਹਨ। ਕੁਝ ਨੀਮ-ਹਕੀਮ

ਇਨ੍ਹਾਂ ਗੋਲੀਆਂ ਦੇ ਲੇਬਲ ਲਾਹ ਕੇ ਜਾ ਪੂੜੀਆਂ ਬਣਾ ਕੇ ਮਰੀਜ਼ਾਂ ਨੂੰ ਦਈ ਜਾ ਰਹੇ ਹਨ। ਮਰੀਜ਼ ਕੁਝ ਦਿਨ ਤਾਂ ਰਾਹਤ ਮਹਿਸੂਸ ਕਰਦਾ ਹੈ ਪਰ ਜਦੋਂ ਹੀ ਦਵਾਈ ਛੱਡ ਦਿੰਦਾ ਹੈ ਤਾਂ ਉਹ ਪਹਿਲਾਂ ਨਾਲੋਂ ਵੀ ਵੱਧ ਬੀਮਾਰ ਹੋ ਜਾਂਦਾ ਹੈ। ਇਸ ਕਰਕੇ ਅਜਿਹੀਆਂ ਦਵਾਈਆਂ ਸਾਨੂੰ ਮੈਡੀਕਲ ਹਾਲ ਤੋਂ ਲੈ ਕੇ ਨਾ ਤਾਂ ਆਪ ਹੀ ਖਾਣੀਆਂ ਚਾਹੀਦੀਆਂ ਹਨ ਤੇ ਨਾ ਨੀਮ-ਹਕੀਮਾਂ ਦੇ ਭੱਚੇ ਵਿੱਚ ਆਉਣਾ ਚਾਹੀਦਾ ਹੈ। ਚੰਗੇ ਡਾਕਟਰ ਦੀ ਸਲਾਹ ਨਾਲ ਹੀ ਦਵਾਈ ਲੈਣੀ ਚਾਹੀਦੀ ਹੈ।



ਜੇਕਰ ਸਾਨੂੰ ਆਪਣੇ ਆਪ ਨਾਲ ਹਮਦਰਦੀ ਹੈ, ਆਪਣੇ ਬੱਚਿਆਂ ਆਪਣੇ ਪਰਿਵਾਰ ਨਾਲ ਹਮਦਰਦੀ ਹੈ ਤਾਂ ਇਨ੍ਹਾਂ ਵਹਿਮਾਂ-ਭਰਮਾਂ, ਅੰਧ ਵਿਸ਼ਵਾਸ਼ਾਂ, ਅਖੌਤੀ ਬਾਬਿਆਂ, ਨੀਮ ਹਕੀਮਾਂ ਕੋਲ ਇਨ੍ਹਾਂ ਜ਼ਿੰਦਗੀਆਂ ਦਾ ਰਿਸਕ ਨਹੀਂ ਲੈਣਾ ਚਾਹੀਦਾ।■

*ਨਿਰਮਲ ਜੀਤ ਸਿੰਘ , ਪਿੰਡ ਪਨਾਮ ਜ਼ਿਲ੍ਹਾ ਹੁਸ਼ਿਆਰਪੁਰ*

---

# ਸੰਸਥਾਂ ਦੇ ਨਵੇਂ ਚੁਣੇ ਗਏ ਅਹੁਦੇਦਾਰ ਅਤੇ ਕਾਰਜਕਾਰੀ ਮੈਂਬਰ

## ਅਹੁਦੇਦਾਰ

**ਸ. ਰਸ਼ਪਾਲ ਸਿੰਘ ਬੱਧਣ** ਚੇਅਰਮੈਨ
ਪ੍ਰੀਤ ਨਗਰ ਜਲੰਧਰ, ਫੋਨ: 94176 10120

**ਮਾਸਟਰ ਰਾਮਧਨ ਨਾਂਗਲੂ** ਪ੍ਰਧਾਨ
ਨਵੀਂ ਅਬਾਦੀ ਭੋਗਪੁਰ, ਜਲੰਧਰ, ਫੋਨ: 98154 85844

**ਸ੍ਰੀ ਅਸ਼ਵਨੀ ਕੁਮਾਰ** ਸੀਨੀਅਰ ਮੀਤ ਪ੍ਰਧਾਨ
ਸਈਪੁਰ ਕਲਾਂ ਜਲੰਧਰ, ਫੋਨ: 99140 33981

**ਸ੍ਰੀ ਕਮਲਜੀਤ**
ਪਿੰਡ ਬਿਨਪਾਲਕੇ, ਜਲੰਧਰ, ਫੋਨ: 94643 23947

**ਸ੍ਰੀ ਚਰਨਜੀਤ ਸਿੰਘ** ਜਨਰਲ ਸਕੱਤਰ
ਪਿੰਡ ਬਿਨਪਾਲਕੇ, ਜਲੰਧਰ, ਫੋਨ: 98148 39944

**ਸ੍ਰੀ ਹਰਜਿੰਦਰ ਪਾਲ** ਖਜ਼ਾਨਚੀ
ਪਿੰਡ ਗੇਹਲੜਾਂ, ਜਲੰਧਰ, ਫੋਨ: 98725 88260

**ਦਿਲਬਾਗ ਸਿੰਘ** ਸਹਾਇਕ ਖਜ਼ਾਨਚੀ
ਪਿੰਡ ਬਿਨਪਾਲਕੇ, ਜਲੰਧਰ, ਫੋਨ: 97811 12944

**ਵਿੱਕੀ** ਦਫਤਰ ਸਕੱਤਰ
ਪਿੰਡ ਬਿਨਪਾਲਕੇ, ਜਲੰਧਰ, ਫੋਨ: 98760 76899

**ਨਿਰਮਲ ਜੀਤ ਸਿੰਘ** ਆਡੀਟਰ
ਪਿੰਡ ਪਨਾਮ, ਹੁਸ਼ਿਆਰਪੁਰ, ਫੋਨ: 98152 93522

**ਹਰਦੇਵ ਕੁਮਾਰ ਚੌਪੜਾ** (ਐਡਵੋਕੇਟ)
ਕਾਨੂੰਨੀ ਸਲਾਹਕਾਰ
ਪਿੰਡ ਮਾਧੋਪੁਰ, ਜਲੰਧਰ, ਫੋਨ: 94176 30643

## ਕਾਰਜਕਾਰੀ ਮੈਂਬਰ

**ਸ੍ਰੀ ਜਸਪਾਲ ਸਿੰਘ**
ਨਵੀਂ ਅਬਾਦੀ ਭੋਗਪੁਰ, ਜਲੰਧਰ ਫੋਨ: 98153 95072

**ਭੁਪਿੰਦਰ ਸਿੰਘ**
ਪਿੰਡ ਗੇਹਲੜਾਂ, ਜਲੰਧਰ , ਫੋਨ: 84270 76399

**ਸ੍ਰੀ ਸੁਲਿੰਦਰ ਸਿੰਘ**
ਪਿੰਡ ਅੰਬਾਲਾ ਜੱਟਾਂ, ਹੁਸ਼ਿਆਰਪੁਰ, ਫੋਨ: 94630 12486


**ਕੇਵਲ ਸਿੰਘ ਹੀਰ**
ਪਿੰਡ ਸ਼ੇਰਪੁਰ ਗਲਿੰਡ, ਹੁਸ਼ਿਆਰਪੁਰ, ਫੋਨ: 88725 74945

**ਸ੍ਰੀ ਹੰਸ ਰਾਜ**
ਪਿੰਡ ਜਲਭੈ, ਜਲੰਧਰ, ਫੋਨ: 94653 91654

**ਸ੍ਰੀ ਰਾਜ ਕੁਮਾਰ**
ਵਾਰਡ ਨੰ: 10, ਗੜ੍ਹ ਸ਼ੰਕਰ, ਹੁਸ਼ਿਆਰਪੁਰ
ਫੋਨ: 98721 51625

**ਧਨਪਤ ਰਾਏ**
ਮਹੱਲਾ ਅਕਾਲਗੜ੍ਹ, ਫਗਵਾੜਾ, ਕਪੂਰਥਲਾ,
ਫੋਨ: 95015-84229

**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**
**ਮੋਬਾਇਲ: 98148 39944**
ਈਮੇਲ: sgrmpsp@hotmail.com



# ਸ੍ਰੀ ਗੁਰੂ ਰਵਿਦਾਸ ਜੀ ਅਤੇ ਮਾਨਵਤਾ

ਪਰਮ ਪਿਤਾ ਪ੍ਰਮਾਤਮਾ ਨੇ ਜੀਵਾਂ ਦੀ ਉਤਪਤੀ ਨੂੰ ਚਾਰੇ ਖਾਣੀਆਂ ਅੰਡਜ਼, ਜੇਰਜ, ਉਤਭੁਜ ਤੇ ਸੇਤ ਵਿਚ ਵੰਡ ਕੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਚਾਰੇਖਾਣੀਆਂ ਦੇ ਜੀਵਾਂ ਦੀ ਕੁੱਲ ਸੰਖਿਆ 84 ਲੱਖ ਬਣਦੀ ਹੈ। ਪਰ ਨਵੀਂਆਂ ਖੋਜਾਂ ਅਨੁਸਾਰ ਇਸ ਵਿੱਚ ਵਾਧਾ ਹੋ ਗਿਆ ਹੈ ਤੇ ਖੋਜੀਆਂ ਅਨੁਸਾਰ ਇਸ ਦੀ ਸੰਖਿਆਂ 86 ਲੱਖ ਦੇ ਲਗਭਗ ਹੋ ਗਈ ਹੈ। ਮਨੁੱਖ ਅਤੇ ਇਸਤਰੀ ਦੋਹਾਂ ਨੂੰ ਮਿਲਾ ਕੇ ਮਾਨਵ ਜੂਨੀ ਬਣਦੀ ਹੈ ਤੇ ਇਹ ਮਾਨਵ ਜੂਨੀ ਜੇਰਜ ਖਾਣੀ ਵਿੱਚ ਆਉਂਦੀ ਹੈ। ਜੇਰਜ ਖਾਣੀ ਵਿੱਚ ਚਾਰ ਲੱਖ ਪ੍ਰਕਾਰ ਦੇ ਜੀਵ ਪੈਦਾ ਹੁੰਦੇ ਹਨ। ਬਾਕੀ ਸਾਰੇ ਜੀਵਾਂ ਵਿੱਚ ਸਰੀਰ ਦੀ ਬਣਤਰ (ਰਚਨਾ) ਲਈ ਚਾਰ ਤੱਤ ਹਨ। ਕੇਵਲ ਮਨੁੱਖ ਹੀ ਅਜਿਹਾ ਜੀਵ ਹੈ ਜਿਸ ਵਿੱਚ ਪ੍ਰਿਥਵੀ, ਵਾਯੂ, ਅਗਨ, ਜਲ ਅਤੇ ਅਕਾਸ਼ ਪੰਜ ਤੱਤ ਹਨ। ਪੰਜ ਤੱਤਾਂ ਵਾਲਾ ਜੀਵ ਪੂਰਨ ਜੀਵ ਮੰਨਿਆ ਜਾਂਦਾ ਹੈ। ਪੂਰਨ ਜੀਵਨ ਮਾਨਵ ਨੂੰ ਪ੍ਰਕ੍ਰਿਤੀ ਨੇ ਜੋ ਵਿਸ਼ੇਸ਼ ਗੁਣ ਪ੍ਰਦਾਨ ਕੀਤਾ ਹੈ ਉਹ ਹੈ ਆਪਣੇ ਮਨ ਦੇ ਭਾਵਾਂ ਖੁਸ਼ੀ ਗਮੀਂ ਨੂੰ ਆਪਣੀ ਰਸਨਾ ਦੁਆਰਾ ਸ਼ਬਦਾ ਵਿੱਚ ਦੂਜੇ ਮਾਨਵ ਨੂੰ ਬੋਲ ਕੇ ਵਿਅਕਤ ਕਰਨਾ ਦੂਜੇ ਪਸ਼ੂ ਜੀਵਾਂ ਵਿੱਚ ਧੁਨੀ (ਆਵਾਜ਼) ਤਾਂ ਹੈ ਪਰ ਆਪਣੀ ਭਾਵਨਾ ਨੂੰ ਵਿਅਕਤ ਕਰਨ ਲਈ ਸ਼ਬਦ ਨਹੀਂ ਹੁੰਦੇ। ਮਾਨਵ (ਮਾਨਿਸ) ਦੀ ਰਸਨਾ (ਜੀਭਾ) ਵਿਚੋਂ ਜੋ ਸ਼ਬਦ ਬਾਹਰ ਆਉਂਦਾ ਹੈ ਉਸ ਦੇ ਚਾਰ ਪੜਾਅ ਹਨ। ਮਾਨਵ ਦੇ ਮੂੰਹੋ ਨਿਕਲਿਆ ਸ਼ਬਦ ਇਸਦੀ ਧੁਨੀ (ਮੂਲ ਆਧਾਰ) ਤੋਂ ਹਵਾ ਦੇ ਟਕਰਾਉਣ ਨਾਲ ਉਠਦਾ ਹੈ। ਇਸ ਵਿਚ ਸ਼ਬਦ ਨਹੀਂ ਹੁੰਦੇ। ਇਸ ਧਵਨੀ ਨੂੰ ਪਰਾ ਦਾ ਨਾਮ ਦਿੱਤਾ ਗਿਆ ਹੈ। ਫਿਰ ਇਹ ਧੁਨੀ ਹਿਰਦੇ ਤੱਕ ਪਹੁੰਚਦੀ ਹੈ ਤਾਂ ਇਸ ਨੂੰ ''ਪਸ਼ਯੰਤੀ'' ਨਾਮ ਦਿੱਤਾ ਗਿਆ ਹੈ। ਤੀਜਾ ਪੜਾ ਇਹ ਅਵਾਜ਼ ਕੰਠ ਵਿੱਚ ਆ ਜਾਂਦੀ ਹੈ ਜਿਥੇ ਇਸ ਨੂੰ ਕਹਿਣ ਵਾਸਤੇ ਸ਼ਬਦ ਮਿਲ ਜਾਂਦੇ ਹਨ। ਇਹ ਧਵਨੀ ''ਮਧਮਾਂ'' ਕਹਾਉਂਦੀ ਹੈ। ਮੱਧਯਮਾਂ ਮੁੱਖ ਵਿੱਚੋਂ ਬਾਹਰ ਆਉਂਦੀ ਹੈ ਤਾਂ ਇਹ ਸ਼ਬਦਾਂ ਨੂੰ ਵਿਅਕਤ ਕਰ ਦਿੰਦੀ ਹੈ। ਇਥੇ ਇਸ ਦਾ ਨਾਮ ''ਵੈਖਰੀ'' (ਚੌਥਾਂ ਪੜਾ) ਹੋ ਜਾਂਦਾ ਹੈ। ਇਸ ਕਰਕੇ ਮਾਨਵ ਸਾਰੇ ਜੀਵਾਂ ਵਿੱਚ ਉਤਮ ਅਨੋਖਾ ਅਤੇ ਪ੍ਰਮੁੱਖ ਹੈ। ਇਸ ਦੀ ਇਸ ਵਿਸ਼ੇਸ਼ਤਾ ਕਰਕੇ ਇਹ ਸਭ ਪ੍ਰਾਣੀਆਂ ਦਾ ਸਰਤਾਜ (ਗਲੋਰੀਅਸ ਰੂਲਰ) ਬਣਿਆ ਹੋਇਆ ਹੈ।

ਮਾਨਵ ਦਾ ਆਪਣੇ ਹਾਵ-ਭਾਵ ਨੂੰ ਸ਼ਬਦਾਂ ਵਿੱਚ ਕਹਿ ਸਕਣ ਦੇ ਨਿਰਾਲੇ ਗੁਣਾਂ ਕਰਕੇ ਮਨੁੱਖ ਦੀ ਜੂਨੀ ਦੀ ਪ੍ਰਾਪਤੀ ਆਪਣੇ ਆਪ ਵਿੱਚ ਭਗਤਾਂ, ਸੰਤਾਂ ਤੇ ਗੁਰੂ ਜਨਾਂ ਵਲੋਂ ਦੁਰਲਭ ਪ੍ਰਾਪਤੀ ਮੰਨੀ ਜਾਂਦੀ ਹੈ। ਕਹਿੰਦੇ ਹਨ ਮਨੁੱਖ ਜਾਤੀ ਦੀ ਜੂਨ ਨੂੰ ਦੇਵਤੇ ਵੀ ਲੋਚਦੇ ਹਨ। ਕਿਹਾ ਜਾਂਦਾ ਹੈ ਕਿ ਦੇਵਤਿਆਂ ਨੂੰ ਪ੍ਰਮਾਤਮਾ ਦੇ ਘਰ ਵਿੱਚ ਰਹਿਣ ਕਰਕੇ ਪ੍ਰਮਾਤਮਾ ਨੇ ਉਹਨਾਂ ਨੂੰ ਸਾਰੇ ਸੁੱਖ ਦਿੱਤੇ ਹੋਏ ਹੁੰਦੇ ਹਨ। ਦੇਵਤੇ ਉਹ ਹਰ ਇਕ ਉਹ ਸੁੱਖ ਆਪ ਹੀ ਪੈਦਾ ਕਰਨ ਦੀ ਸਮਰੱਥਾ ਰੱਖਦੇ ਹੁੰਦੇ ਹਨ ਜੋ ਉਨ੍ਹਾਂ ਨੂੰ ਚਾਹੀਦਾ ਹੁੰਦਾ ਹੈ। ਜਿਥੇ ਚਾਹੁਣ ਉਹ ਜਾ ਸਕਦੇ ਹਨ। ਵਰ ਸਰਾਪ ਦੇਣ ਦੇ ਉਹ ਪੂਰਨ ਸਮਰਥ ਹੁੰਦੇ ਹਨ। ਉਹੀ ਮੁੱਕਤੀ ਦੀ ਅਵਸਥਾ ਵਿੱਚ ਹੁੰਦੇ ਹਨ। ਫਿਰ ਵੀ ਉਹ ਮਨੁੱਖਾ ਜਨਮ ਦੀ ਲੋਚਾ ਕਰਦੇ ਹਨ। ਕਿਉਂ? ਇਸ ਦਾ ਇਕੋ ਇਕ ਕਾਰਨ ਹੈ ਕਿ ਦੇਵਤੇ ਸਰੀਰਕ ਰੂਪ ਵਿੱਚ ਰਹਿਕੇ ਆਪਣੇ ਹਾਵ ਭਾਵ ਵਿਅਕਤ ਨਹੀਂ ਕਰ ਸਕਦੇ। ਇਹ ਕੰਮ ਕਰਨ ਲਈ ਉਹਨਾਂ ਨੂੰ ਮਨੁੱਖੀ ਸਰੀਰ ਦੀ ਲੋੜ ਪੈਂਦੀ ਹੈ। ਉਸ ਵਿੱਚ ਪ੍ਰਵੇਸ਼ ਕਰਕੇ ਹੀ ਦੇਵਤੇ ਕੁੱਛ ਕਹਿਣ ਦੇ ਯੋਗ ਹੋ ਸਕਦੇ ਹਨ।

ਇਸੇ ਕਰਕੇ ਜਗਤ ਗੁਰੂ, ਪਰਮ ਹੰਸ, ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣੇ ਪਾਵਨ ਮੁੱਖਾਰ ਬੰਦ ਤੋਂ ਬਾਣੀ ਦਾ ਉਚਾਰਨ ਕੀਤਾ ਹੈ, **'ਮਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ'** (ਅੰਮ੍ਰਿਤ ਬਾਣੀ ਸ਼ਬਦ 14) ਇਸ ਦਾ ਭਾਵ ਹੈ ਕਿ ਮਨੁੱਖਾ ਜਨਮ ਮਿਲਣਾ ਪ੍ਰਮਾਤਮਾ ਵੱਲੋਂ ਅਨੋਖੀ ਪ੍ਰਦਾਨਤਾ ਹੈ ਪਰ ਮਨੁੱਖ ਦੀ ਸੰਗਤ ਮਾਇਆ ਦੇ ਵਿਕਾਰਾਂ ਨਾਲ ਮੰਦੀ ਬਣੀ ਹੋਈ ਹੈ। ਇਹ ਮਨੁੱਖ ਦੀ ਬੁੱਧੀਹੀਨਤਾ ਹੈ। ਮਾਨਵ ਜਨਮ ਇਕ ਅਜਿਹਾ ਮਾਰਗ ਹੈ ਜਿਸ ਤੇ ਤੁਰ ਕੇ ਪ੍ਰਭੂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਇਸ ਲਈ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਮਾਨਵ ਨੂੰ ਮਾਨਵਤਾ ਦੇ ਮਾਰਗ ਤੇ ਚੱਲਣ ਦੀ ਨਸੀਹਤ ਕੀਤੀ ਹੈ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਪਾਵਨ ਬਚਨ ਹਨ '' **ਉਸਤਤ ਕਰੋ ਇਕ ਉਂਕਾਰਾ ਤੀਨ ਲੋਕ ਜਿਨ ਕੀਆ ਪਸਾਰਾ ॥'** ' (ਅੰਮ੍ਰਿਤ ਬਾਣੀ, ਪੈਤੀ ਅਖਰੀ ਪੰਨਾ 114) ਗੁਰੂ ਰਵਿਦਾਸ ਜੀ ਦਾ ਸੰਦੇਸ਼ ਹੈ ਕਿ ਇਕੋ ਉਂਕਾਰ ਦੀ ਸਲਾਹੁਤਾ ਕਰੋ ਕਿਉਂਕਿ ਉਸੇ ਨੇ ਹੀ ਇਸ ਸਾਰੀ ਸ਼ਿਸ਼ਟੀ ਦੀ ਰਚਨਾ ਕੀਤੀ ਹੋਈ ਹੈ। ਉਹਨਾਂ ਦਾ ਇਕੋ ਇਕ ਇਸ਼ੱਟ ਕੇਵਲ ੴ ਹੀ ਹੈ, ਉਹਨਾਂ ਨੇ ਸੰਸਾਰ ਨੂੰ ਕਿਸੇ ਭਟਕਣਾ ਵਿੱਚ ਨਹੀਂ ਪਾਇਆ। ਸਤਿਗੁਰੂ ਜੀ ਨੇ ਮਾਨਵ ਨੂੰ ਹੋਰ ਦੇਵੀ-ਦੇਵਤਿਆਂ ਦੇ ਵਸ ਨਹੀਂ ਪਾਇਆ। ਇਸ ਨਾਲ ਮਾਨਵ ਦੇ ਸੰਸਾਰੀ ਜੀਵਨ ਵਿੱਚ ਕਈ ਮਾਰਗ ਬਣ ਜਾਣੇ ਸਨ ਜੋ ਇਕ-ਦੂਜੇ ਨਾਲ ਟਕਰਾਉਂਦੇ ਤੇ ਜਗਤ ਤੇ ਹੁਣ ਵਾਂਗ ਅਰਾਜਕਤਾ ਫੈਲਦੀ। ਇਹੋ ਕਾਰਨ ਹੈ ਕਿ ਸਤਿਗੁਰੂ ਰਵਿਦਾਸ ਜੀ ਨੇ ਸਮਰਥਾ ਹੁੰਦੇ ਹੋਏ ਵੀ ਕਿਸੇ ਹੋਰ ਪੰਥ ਦੀ ਸਿਰਜਣਾ ਨਹੀਂ ਕੀਤੀ। ਉਹ ਆਪ ਵੀ ੴ ਦੇ ਪੂਜਕ ਰਹੇ ਤੇ ਸੰਸਾਰ ਨੂੰ ਵੀ ਇਕ ਸਰਵ ਕਲਾ ਸਮਰਥ ਭਗਵਾਨ ਦੀ ਅਰਾਧਨਾ ਕਰਨ ਦਾ ਪਾਵਨ ਉਪਦੇਸ਼ ਦਿੱਤਾ। ਇਕੋ ਪ੍ਰਭੂ ਦੇ ਲੜ ਲਗਣਾ ਤੇ ਲਾਉਣਾ ਸੰਸਾਰ ਵਿੱਚ ਉੱਚਤਮ ਮਾਨਵਤਾ ਦਾ ਬੀਜ ਹੈ। ਮਾਨਵਤਾ ਦਾ ਸੰਦੇਸ਼ ਦਿੰਦੇ ਹੋਏ ਸਤਿਗੁਰੂ ਰਵਿਦਾਸ ਜੀ ਦਾ ਕਥਨ ਹੈ ਕਿ ਮਨੁੱਖ, ਮਨੁੱਖ ਨਾਲ ਪ੍ਰੇਮ ਭਾਵਨਾ ਦਾ ਵਿਹਾਰ ਕਰੇ ਕਿਉਂਕਿ ਆਪਸੀ ਘਿਰਨਾ ਪਾਪ ਹੈ ਤੇ ਜਨਮ-ਮਰਨ ਦੇ ਚੱਕਰਾਂ ਵਿੱਚ ਪੈਣ ਦਾ ਸਾਧਨ ਉਹਨਾਂ ਅਨੁਸਾਰ, **'ਬਾਹਮਨ ਅਰੁ ਚੰਡਾਲ ਮਹਿ ਰਵਿਦਾਸ ਨੰਹਿ ਅੰਤਰ ਜਾਨ। ਸਭ ਮੰਹਿ ਏਕ ਹੀ ਜੋਤ ਹੈ ਸਭ ਘੱਟ ਏਕ ਭਗਵਾਨ।'** (ਅੰਮ੍ਰਿਤ ਬਾਣੀ ਸ਼ਲੋਕ-53) ਪ੍ਰਭੂ ਦਾ ਸਿਮਰਨ ਕਰਦੇ ਕਿਰਤ ਕਰਨੀ ਵੀ ਮਾਨਵਤਾ ਹੈ। ਆਪ ਦੇ ਪ੍ਰਬਚਨ ਹਨ, **'ਜਿਹਵਾ ਸੋਂ ਓਂਕਾਰ ਜਪ ਹਥਨ ਸੋਂ ਕਰ ਕਾਰ'** (ਅੰਮ੍ਰਿਤ ਬਾਣੀ ਸਲੋਕ 99) ਲੋੜ ਅਨੁਸਾਰ ਮਾਇਆ ਦੀ ਵਰਤੋਂ ਕਰਨਾ, ਜੀਵਾਂ ਦੀ ਹੱਤਿਆ ਨਾ ਕਰਨਾ, ਠਗਬਾਜ਼ੀ ਚੋਰੀ ਨਾ ਕਰਨਾ ਵੀ ਮਾਨਵਤਾ ਦੇ ਗੁਣ ਹਨ। ਨਸ਼ਿਆਂ ਨੂੰ ਤਿਆਗ ਕੇ ਪ੍ਰਭੂ ਦੇ ਨਾਮ ਦਾ ਰਸ ਸੇਵਨ ਕਰਨਾ ਵੀ ਵੱਡੀ ਮਾਨਵਤਾ ਹੈ। ਜਿਵੇਂ **''ਰਵਿਦਾਸ ਮਦੁਰਾ ਕਾ ਪੀਜਿਐ ਜੋ ਚੜ੍ਹੈ ਚੜ੍ਹੈ ਉਤਰਾਇ। ਨਾਮ ਮਹਾਰਸ ਪੀਜਿਐ ਜੌ ਚੜ੍ਹੇ ਨਾਹਿ ਉਤਰਾਇ ॥''**
(ਅੰਮ੍ਰਿਤ ਬਾਣੀ ਸਲੋਕ -35) ■



*-ਅਸ਼ਵਨੀ ਹੀਰ, ਮਹੱਲਾ ਸਈਪੁਰ ਕਲਾਂ (ਜਲੰਧਰ)*
Mobile 99140-33981, E-mail: ashwaniheer@live.in

**ਜਿਨ੍ਹਾਂ ਸਹਿਯੋਗੀਆਂ ਤੇ ਦਾਨੀ ਸੱਜਣਾਂ ਨੇ ਇਸ ਪ੍ਰਚਾਰ ਮਹਾਂਕੁੰਭ ਵਿਚ ਹਿੱਸਾ ਪਾਇਆ:**

1. ਰਿਟਾਇਰਡ ਪੋਸਟ ਮਾਸਟਰ ਤੋਤਾ ਮੱਲ, ਪਿੰਡ ਆਹਨਖੇੜੀ, ਮਲੇਰਕੋਟਲਾ 1000 ਰੁਪਏ
2. ਡਾ. ਹਰਿੰਦਰ ਪਾਲ ਸਿੰਘ, ਸਿਟੀ ਡੈਂਟਲ ਕਲੀਨਿਕ, ਭੋਗਪੁਰ 1000 ਰੁਪਏ
3. ਕੌਂਸਲਰ ਸੰਤੋਸ਼ ਕੌਰ ਭੋਗਪੁਰ 1000 ਰੁਪਏ
4. ਸਾਬਕਾ ਸਰਪੰਚ ਜਗਨ ਨਾਥ, ਬਸੀਮੁਦਾ, ਹੁਸ਼ਿਆਰਪੁਰ 800 ਰੁਪਏ

ਸਤਿੰਦਰ ਸਿੰਘ ਭੋਗਪੁਰ, ਚੋਪੜਾ ਇਲੈਕਟ੍ਰੀਕਲ ਵਰਕਸ, ਭੋਗਪੁਰ।

## ਸੰਸਥਾ ਦੀਆਂ ਗਤੀਵਿਧੀਆਂ 'ਤੇ ਸੰਖੇਪ ਝਾਤ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ, ਪੰਜਾਬ (ਰਜਿ.) ਦਾ ਮੁੱਖ ਕਾਰਜ ਗੁਰੂ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਲਈ ਲਿਟਰੇਚਰ ਛਾਪ ਕੇ ਘਰ-ਘਰ ਪਹੁੰਚਾਉਣਾ ਅਤੇ ਗੁਰੂ ਜੀ ਦੇ ਪ੍ਰਚਾਰ ਲਈ ਮਿਸ਼ਨਰੀ ਪ੍ਰਚਾਰਕ ਤਿਆਰ ਕਰਨੇ ਹਨ। ਸੰਸਥਾ 1996 ਤੋਂ ਇਸ ਕਾਰਜ ਲਈ ਯਤਨਸ਼ੀਲ ਹੈ। ਇਸ ਮੰਤਵ ਲਈ ਟ੍ਰੈਕਟ ਅਤੇ ਕਿਤਾਬਾਂ ਛਾਪਣ ਦੇ ਨਾਲ-ਨਾਲ ਬੱਚਿਆਂ ਦੀਆਂ ਧਾਰਮਿਕ ਕਲਾਸਾਂ ਲਗਾ ਕੇ ਪਾਸ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ ਬੱਚਿਆਂ ਦੀ ਪ੍ਰਸ਼ਨ-ਉੱਤਰ ਪ੍ਰਤੀਯੋਗਤਾ ਕਰਵਾਈ ਜਾਂਦੀ ਹੈ।

ਘਰ ਬੈਠੇ ਹੀ ਗੁਰੂ ਰਵਿਦਾਸ ਮਿਸ਼ਨ ਦੀ ਜਾਣਕਾਰੀ ਦਾ ਕੋਰਸ ਕਰਵਾ ਕੇ ਸਰਟੀਫਿਕੇਟ ਦਿੱਤਾ ਜਾਂਦਾ ਹੈ। ਨਿਸ਼ਕਾਮ ਕੀਰਤਨ ਸਮਾਗਮ ਕੀਤੇ ਜਾਂਦੇ ਹਨ। ਸਮਾਗਮਾਂ 'ਤੇ ਬੁੱਕ ਸਟਾਲ ਲਗਾਏ ਜਾਂਦੇ ਹਨ। ਬੱਚਿਆਂ, ਨੌਜਵਾਨਾਂ ਦੇ ਕੇਡਰ ਕੈਂਪ ਲਗਾਉਣ ਦੀ ਯੋਜਨਾ ਹੈ। ਗੁਰੂ ਜੀ ਦੀ ਬਾਣੀ, ਵਿਚਾਰਧਾਰਾ ਅਤੇ ਇਤਿਹਾਸ ਨੂੰ ਦਰਸਾਉਂਦੇ ਫਲੈਕਸ ਬੋਰਡ ਬਣਾਏ ਜਾਂਦੇ ਹਨ। ਵੀਡੀਓ-ਆਡੀਓ ਸੀ.ਡੀ. ਤਿਆਰ ਕੀਤੀਆਂ ਜਾਂਦੀਆਂ ਹਨ।

### ਜ਼ਰੂਰੀ ਬੇਨਤੀਆਂ

ਗੁਰੂ ਰਵਿਦਾਸ ਜੀ ਦੀ ਬਾਣੀ ਦਾ ਗੁਟਕਾ ਸਾਹਿਬ ਹਿੰਦੀ ਜਾਂ ਪੰਜਾਬੀ ਵਿੱਚ ਡਾਕ ਰਾਹੀਂ ਪ੍ਰਾਪਤ ਕਰਨ ਲਈ ਪੰਜ ਰੁਪਏ ਦੀਆਂ ਡਾਕ-ਟਿਕਟਾਂ ਭੇਜੋ ਜੀ। ਹੱਥਲਾ ਟ੍ਰੈਕਟ ਜਾਂ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਸੰਬੰਧਿਤ ਹੋਰ ਲਿਟਰੇਚਰ ਡਾਕ ਰਾਹੀਂ ਮੁਫਤ ਮੰਗਵਾਉਣ ਲਈ ਚਿੱਠੀ ਜਾਂ ਪੋਸਟਕਾਰਡ ਦੁਆਰਾ ਆਪਣਾ ਪਤਾ ਭੇਜੋ ਜੀ।

ਇਸ ਟ੍ਰੈਕਟ ਨੂੰ ਪੜ੍ਹਨ ਤੋਂ ਬਾਅਦ ਇਸ ਨੂੰ ਸਾਂਭ ਕੇ ਨਾ ਰੱਖ ਲੈਣਾ ਸਗੋਂ ਕਿਸੇ ਹੋਰ ਸੱਜਣ ਨੂੰ ਪੜ੍ਹਨ ਲਈ ਦੇ ਦੇਣਾ ਅਤੇ ਉਸਨੂੰ ਵੀ ਇਹੀ ਤਾਕੀਦ ਕਰਨਾ। ਸੰਸਥਾ ਨੂੰ ਵੱਧ ਤੋਂ ਵੱਧ ਆਰਥਿਕ ਮਦਦ ਦਿਓ ਤਾਂ ਕਿ ਵੱਧ ਤੋਂ ਵੱਧ ਲਿਟਰੇਚਰ ਛਾਪ ਕੇ ਫਰੀ ਵੰਡਿਆ ਜਾ ਸਕੇ।

# ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਪ੍ਰਚਾਰਨਾ ਸਭ ਤੋਂ ਉੱਦਮ ਕਾਰਜ

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ, ਵਿਚਾਰਧਾਰਾ ਦੁਆਰਾ ਸਮੁੱਚੇ ਵਿਸ਼ਵ ਨੂੰ ਇੱਕ ਵਿਲੱਖਣ ਦੇਣ ਦਿੱਤੀ ਹੈ। ਆਪਣੇ ਸ਼ਬਦ 'ਬੇਗਮਪੁਰਾ ਸਹਿਰ' ਦੁਆਰਾ ਸਮੁੱਚੇ ਸੰਸਾਰ ਨੂੰ ਸਾਂਝੀਵਾਲਤਾ ਅਤੇ ਵਿਸ਼ਵਸ਼ਾਂਤੀ ਦੇ ਵਡਮੁੱਲੇ ਸਿਧਾਂਤ। ਜਿਸ ਨੂੰ ਸਾਰੀਆਂ ਵਿਸ਼ਵ ਭਲਾਈ ਸੰਸਥਾਵਾਂ ਨੇ ਮੁੱਖ ਰੂਪ ਵਿਚ ਅਪਣਾਇਆ ਹੋਇਆ ਹੈ। ਆਪਣੀ ਬਾਣੀ ਵਿਚ ਵਾਰ-ਵਾਰ ਚਮਾਰ ਸ਼ਬਦ ਅੰਕਿਤ ਕਰਕੇ ਗੁਰੂ ਜੀ ਨੇ ਵਿਸ਼ਵ ਵਿਚ ਊਚ-ਨੀਚ, ਛੂਆ-ਛਾਤ, ਰੰਗ ਨਸਲ ਦੇ ਭੇਦ ਭਾਵ ਦੀ ਚੱਕੀ ਵਿਚ ਪਿਸ ਰਹੇ ਲੋਕਾਂ ਵਿਚ ਹੀਣ ਭਾਵਨਾ ਨੂੰ ਖਤਮ ਕਰਕੇ ਸਿਰ ਉੱਚਾ ਕਰਕੇ ਜੀਊਣ ਦਾ ਸੰਦੇਸ਼ ਦਿੱਤਾ ਹੈ। ਇਸ ਮਹਾਨ ਰਹਿਬਰ ਦੇ 635ਵੇਂ ਪ੍ਰਕਾਸ਼ ਪੁਰਬ ਦੀ ਸਭ ਸੰਗਤਾਂ ਨੂੰ ਲੱਖ-ਲੱਖ ਵਧਾਈ। ਇਸ ਪਾਵਨ ਅਵਸਰ 'ਤੇ ਸ੍ਰੀ ਗੁਰੁ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਹਰ ਸਾਲ ਗੁਰੂ ਜੀ ਦੀ ਵਿਚਾਰਧਾਰਾ ਅਤੇ ਸਮਾਜ ਸੁਧਾਰ ਲਈ ਗਿਆਨ ਭਰਪੂਰ ਲਿਟ੍ਰੇਚਰ ਛਾਪ ਕੇ ਸੰਗਤਾਂ ਤੱਕ ਮੁਫਤ ਪਹੁੰਚਾਉਂਦੀ ਹੈ। ਸੰਸਥਾ ਵੱਲੋਂ ਬੱਚਿਆਂ ਦੀਆਂ ਕਲਾਸਾਂ ਲਗਾਉਣੀਆਂ, ਕੀਰਤਨ ਸਮਾਗਮ ਕਰਨੇ ਤੇ ਬੁੱਕ ਸਟਾਲ ਲਗਾਉਣ ਆਦਿ ਬਹੁਤ ਹੀ ਸ਼ਲਾਘਾ ਯੋਗ ਕੰਮ ਹਨ। ਸੰਸਥਾ ਦੇ ਸਾਰੇ ਮੈਂਬਰ ਬੜੇ ਮਿਹਨਤੀ ਅਤੇ ਸ਼ਰਧਾਵਾਨ ਹਨ। ਗੁਰੂ ਜੀ ਕਿਰਪਾ ਕਰਨ ਇਹ ਸੰਸਥਾ ਦਿਨ ਰਾਤ ਤਰੱਕੀ ਕਰੇ। ■

**-ਸੰਤੋਸ਼ ਕੌਰ (ਕੌਂਸਲਰ) ਵਾਰਡ ਨੰਬਰ 10, ਭੋਗਪੁਰ (ਜਲੰਧਰ)**

# ਆਦਿ ਸਮਾਜ ਦੇ ਜੋਧੇ



ਟ੍ਰੈਕਟ ਨੰਬਰ 8 ਵਿੱਚ ਅਸੀਂ ਆਦਿ ਸਮਾਜ ਦੀਆਂ ਬਲੀਦਾਨੀ ਇਸਤਰੀਆਂ ਸਿਰਲੇਖ ਤਹਿਤ ਝਾਂਸੀ ਦੀ ਰਾਣੀ ਅਤੇ ਭੈਣ ਕੁਮਾਰੀ ਮਾਇਆਵਤੀ ਜੀ ਦੇ ਜੀਵਨ ਵਾਰੇ ਸੰਖੇਪ ਵਰਨਣ ਕੀਤਾ ਸੀ। ਜਿਸ ਨੂੰ ਬਹੁਤ ਸਾਰੇ ਗੁਰੂ ਪ੍ਰੇਮੀਆਂ ਨੇ ਪਸੰਦ ਕੀਤਾ ਅਤੇ ਸਾਨੂੰ ਫੋਨ ਕਾਲਾਂ ਕੀਤੀਆਂ ਇਹ ਵੀ ਮੰਗ ਕੀਤੀ ਗਈ ਕਿ ਆਦਿ ਸਮਾਜ ਵਿੱਚ ਪੈਦਾ ਹੋਏ ਦੇਸ਼, ਕੌਮ ਦੀ ਸੇਵਾ ਕਰਨ ਵਾਲੇ ਜਾਂ ਕੁਰਬਾਨ ਹੋਣ ਵਾਲੇ ਮਹਾਨ ਜੁਝਾਰੂ ਜੋਧਿਆਂ ਦੀ ਜੀਵਨੀ ਲਿਖ ਕੇ ਸੰਗਤਾਂ ਤੱਕ ਪਹੁੰਚਾਈ ਜਾਵੇ। ਸੋ ਉਪਰਕੋਤ ਲੜੀ ਨੂੰ ਜਾਰੀ ਰੱਖਦਿਆਂ ਇਸ ਵਾਰ ਅਸੀਂ ਸ੍ਰੀ ਰਾਜੇਸ਼ ਕੈਂਥ ਭਬਿਆਣਾ ਦੀ ਲਿਖੀ ਅਤੇ ਡੇਰਾ ਸੱਚ ਖੰਡ ਬੱਲਾਂ ਵਲੋਂ ਪ੍ਰਕਾਸ਼ਿਤ ਕੀਤੀ ਪੁਸਤਕ ਰਵਿਦਾਸੀਆਂ ਧਰਮ ਅਤੇ ਹਰਿ ਦਾ ਨਿਸ਼ਾਨ ਜਿਸ ਵਿੱਚ ਚਮਾਰ ਕੌਮ ਦੇ 36 ਕੌਮੀ ਸੂਰਵੀਰਾਂ ਦਾ ਸੰਖੇਪ ਜੀਵਨ ਲਿਖਿਆ ਹੈ। ਪੁਸਤਕ ਵਿਚੋਂ ਤਿੰਨ ਮਹਾਨ ਯੋਧਿਆ ਦਾ ਸੰਖੇਪ ਜੀਵਨ ਧੰਨਵਾਦ ਸਹਿਤ ਛਾਪ ਰਹੇ ਹਾਂ। ਵਰਨਣ ਯੋਗ ਹੈ ਕਿ ਸ੍ਰੀ ਸੰਤੋਖ ਲਾਲ ਵਿਰਦੀ ਜੀ ਨੇ ਵੀ ਇੱਕ ਪੁਸਤਕ ਦਲਿਤਾਂ ਦਾ ਇਤਿਹਾਸ ਪ੍ਰਕਾਸ਼ਿਤ ਕੀਤੀ ਹੋਈ ਹੈ।



**ਬਾਬਾ ਸੰਗਤ ਸਿੰਘ ਜੀ** - ਬਾਬਾ ਸੰਗਤ ਸਿੰਘ ਜੀ ਦੀ ਖਾਸੀ ਵਿਸ਼ੇਸ਼ਤਾ ਇਹ ਸੀ ਕਿ ਉਹਨਾਂ ਦਾ ਸਰੂਪ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ ਸੀ। ਆਪ ਜੀ ਦੇ ਪਿਤਾ ਜੀ ਦਾ ਨਾਮ ਰਣੀਆਂ ਤੇ ਗੋਤ ਅਹੀਰ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਲੜਾਈ ਵਿੱਚ ਸੁਰੱਖਿਅਤ ਰੂਪ ਵਿੱਚ ਭੇਜ ਕੇ ਉਹਨਾਂ ਦੀ ਕਲਗੀ ਤੇ ਲਿਬਾਸ ਪਹਿਨ ਕੇ ਲੜਦੇ ਰਹੇ। ਗੁਰੂ ਗੋਬਿੰਦ ਸਿੰਘ ਸੁਰੱਖਿਅਤ ਰੂਪ ਵਿਚ ਪਟਨਾ ਪਹੁੰਚ ਗਏ ਤਾਂ ਬਾਬਾ ਸੰਗਤ ਸਿੰਘ ਜੀ ਉਥੇ ਸ਼ਹੀਦ ਹੋ ਗਏ। ਧੰਨ ਹੈ ਚਮਾਰ ਜਾਤੀ ਜਿਸ ਵਿੱਚ ਐਸੇ ਸੂਰਮੇ ਜਨਮੇਂ ਤੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ।

**ਸਵਾਮੀ ਅਛੂਤਾ ਨੰਦ ਜੀ** - ਆਪ ਜੀ ਦਾ ਜਨਮ 1879 ਈ: ਵਿੱਚ ਵੈਸਾਖ ਪੂਰਨਿਮਾ ਵਾਲੇ ਦਿਨ ਹੋਇਆ। ਉੱਤਰ ਪ੍ਰਦੇਸ਼ ਦੇ ਫਾਰੁਖਾਬਾਦ ਜ਼ਿਲ੍ਹੇ ਵਿੱਚ ਪੈਦਾ ਹੋਏ। ਗਰੀਬ ਪਰਿਵਾਰ ਵਿੱਚ ਜਨਮ ਹੋਣ ਕਾਰਨ ਸਿੱਖਿਆ ਤੋਂ ਵੰਚਿਤ ਰੱਖੇ ਗਏ। ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਕਰਦਿਆਂ ਆਪ ਜੀ ਨੂੰ ਹਿੰਦੀ, ਸੰਸਕ੍ਰਿਤ, ਉਰਦੂ, ਅੰਗ੍ਰੇਜ਼ੀ, ਮਰਾਠੀ, ਬੰਗਾਲੀ ਤੇ ਗੁਰਮੁੱਖੀ ਦਾ ਗਿਆਨ ਹੋ ਗਿਆ ਸੀ। ਸਾਨੂੰ ਤੁਹਾਡੀ ਕਿਰਪਾ ਦੀ ਲੋੜ ਨਹੀਂ, ਸਾਨੂੰ ਆਪਣੇ ਅਧਿਕਾਰ ਚਾਹੀਦੇ ਹਨ ਵਿਵਸਥਾ ਇਸ ਤਰ੍ਹਾਂ ਦੀ ਹੋਵੇ ਕਿ ਪੱਛੜੇ ਵਰਗ ਦੇ ਲੋਕ ਆਪਣਾ ਜੀਵਨ, ਪ੍ਰਤਿਸ਼ਠਾ ਅਤੇ ਸਨਮਾਨ ਨਾਲ ਜੀਅ ਸਕਣ। ਕੇਂਦਰ ਤੇ ਰਾਜਾਂ ਵਿਚ ਉਤਰਦਾਈ ਸਰਕਾਰਾਂ ਦੀ ਸਥਾਪਨਾ ਕਰਨੀ ਚਾਹੀਦੀ ਹੈ। ਜਗੀਰਦਾਰੀ ਵਿਵਸਥਾ ਖਤਮ ਕਰਨ ਲਈ ਕਾਨੂੰਨ ਬਣਾਉਣੇ ਚਾਹੀਦੇ ਹਨ। ਅੰਗਰੇਜ਼ ਸਰਕਾਰ ਨੂੰ ਸਥਾਨਕ ਰਾਜਿਆਂ ਤੇ ਨਵਾਬਾਂ ਦੀਆਂ ਗਤੀਵਿਧੀਆਂ ਤੇ ਰੋਕ ਲਗਾਉਣੀ ਚਾਹੀਦੀ ਹੈ। ਇਹ ਗੱਲਾਂ ਸਾਈਮਾਨ ਕਮਿਸ਼ਨ ਸਾਹਮਣੇ ਰੱਖੀਆਂ ਸੀ। ਆਪ ਜੀ 1920 ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਵੀ ਮਿਲੇ ਸਨ। 20 ਜੁਲਾਈ 1933 ਨੂੰ ਪ੍ਰੀ-ਨਿਰਵਾਣ ਪ੍ਰਾਪਤ ਹੋਏ।



**ਸ਼ਹੀਦ ਊਧਮ ਸਿੰਘ** - ਸ਼ਹੀਦ ਊਧਮ ਸਿੰਘ ਜੀ ਦਾ ਜਨਮ 26 ਦਸੰਬਰ 1899 ਨੂੰ ਪਿੰਡ ਸੁਨਾਮ ਜ਼ਿਲ੍ਹਾਂ ਸੰਗਰੂਰ (ਪੰਜਾਬ) ਵਿੱਚ ਸ੍ਰੀਮਤੀ ਨਰਾਇਣੀ ਦੇਵੀ ਤੇ ਪਿਤਾ ਸ੍ਰੀ ਚੂਹੜ ਰਾਮ ਚਮਾਰ ਜੀ ਦੇ ਘਰ ਵਿੱਚ ਹੋਇਆ। ਜਲ੍ਹਿਆਂ ਵਾਲੇ ਬਾਗ਼ ਦਾ ਖੂਨੀ ਕਾਂਡ ਊਧਮ ਸਿੰਘ ਦੇ ਦਿਲੋ ਦਿਮਾਗ ਉੱਪਰ ਛਾ ਗਿਆ ਸੀ। ਊਧਮ ਸਿੰਘ ਮਾਈਕਲ ਓਡਵਾਇਰ ਨੂੰ ਭੁੱਖੇ ਸ਼ੇਰ ਵਾਂਗ ਲੱਭਦਾ ਰਿਹਾ ਤੇ ਆਖਰ ਸੱਤ ਸਮੁੰਦਰ ਪਾਰ ਮਾਈਕਲ ਓਡਵਾਇਰ ਦੇ ਦਿਲ ਤੇ ਗੋਲੀ ਮਾਰ ਕੇ ਮਾਰ ਮੁਕਾਇਆ। ਸ਼ਹੀਦ ਊਧਮ ਸਿੰਘ ਜੀ ਦਾ ਭਗਤ ਸਿੰਘ ਨਾਲ ਤਾਲਮੇਲ ਸੀ। ਭਗਤ ਸਿੰਘ ਜੀ ਨੂੰ ਊਧਮ ਸਿੰਘ ਪ੍ਰਤੀ ਸ਼ਰਧਾ ਸੀ ਤੇ ਭਗਤ ਸਿੰਘ ਉਸਨੂੰ ਗੁਰੂ ਕਹਿ ਕੇ ਪੁਕਾਰਦਾ ਸੀ। ਭਾਰਤ ਦੀ ਆਜ਼ਾਦੀ ਦਾ ਇਹ ਪਰਵਾਨਾ ਦੇਸ਼ ਦੀ ਆਜ਼ਾਦੀ ਖਾਤਿਰ ਜੂਝਦਾ ਹੋਇਆ 31 ਜੁਲਾਈ 1948 ਨੂੰ ਫ਼ਾਂਸੀ ਦੇ ਰੱਸੇ ਚੁੰਮ ਕੇ ਸ਼ਹੀਦ ਹੋ ਗਿਆ। ਅੱਜ ਉਹਨਾਂ ਦੀ ਬਹਾਦਰੀ ਦੇ ਕਿਸੇ ਘਰ-ਘਰ ਵਿੱਚ ਸੁਣਾਏ ਜਾਂਦੇ ਹਨ। ■

*-ਹਰਜਿੰਦਰ ਪਾਲ ਵੱਸਣ, ਪਿੰਡ (ਜਲੰਧਰ) । ਫੋਨ: 94635-73088*




ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ
ਸੀਰ ਗੋਵਰਧਨਪੁਰ ਸਾਹਿਬ ਅੰਦਰ
ਸ਼ਸੋਭਿਤ ਪ੍ਰਤਿਮਾ ਦੇ ਦਰਸ਼ਨ ਦੀਦਾਰੇ।



ਸਤਿਗੁਰੂ ਕਬੀਰ ਮੱਠ
ਵਿਖੇ ਸ਼ਸ਼ੋਭਿਤ
ਗੁਰੂ ਰਵਿਦਾਸ ਜੀ ਦੀ
ਪ੍ਰਤਿਮਾ




ਸੰਸਥਾ ਵਲੋਂ ਸ੍ਰੀ ਗੁਰੂ ਰਵਿਦਾਸ ਚਰਨ ਛੋਹ
ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਮੁੱਢਲੀ
ਡਾਕਟਰੀ ਸਹਾਇਤਾ ਦਾ ਕੈਂਪ



ਪਿੰਡ ਗੇਹਲੜਾਂ ਵਿਖੇ ਸੰਸਥਾ ਵਲੋ ਆਯੋਜਿਤ ਧਾਰਮਿਕ ਪ੍ਰੀਖਿਆ ਦੇ ਰਹੇ ਬੱਚੇ।

ਸਿਧਾਂਤਕ ਉਪਦੇਸ਼ਾਂ ਦੇ ਸਿਰਜਕ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ



ਪ੍ਰਗਟ ਦਿਵਸ

ਦੀ ਆਪ ਸੱਭ ਨੂੰ

ਲੱਖ-ਲੱਖ ਵਧਾਈ

ਧਾਰਮਿਕ ਅਤੇ ਸੱਭਿਆਚਾਰਕ ਐਲਬਮ ਰਿਲੀਜ਼ ਕਰਵਾਉਣ ਲਈ ਸੰਪਾਰਕ ਕਰੋ:

ਹਰਿ

NOOR Records



ਸੋਖੀ ਸੁੰਨੜਾਂ ਵਾਲਾ



ਮਹਿੰਦਰ ਸੰਧੂ ਮਹੇੜੂ

ਸੰਪਰਕ ਨੰਬਰ:


98726 96840' 99881 25699

ਹਰੀਸ਼ ਭੰਡਾਰੀ 'ਮਹੇੜੂ', ਪਿੰਡ ਤੇ ਡਾਕ ਮਹੇੜੂ, ਜ਼ਿਲ੍ਹਾ- ਕਪੂਰਥਲਾ- 144402

ਪੂਰਨ ਸਮਾਜਵਾਦ ਦੇ ਮੋਢੀ
ਸ੍ਰੀ ਗੁਰੂ ਰਵਿਦਾਸ ਜੀ ਦੇ

635ਵੇਂ ਪ੍ਰਕਾਸ਼ ਪੁਰਬ ਦੀ

ਲੱਖ-ਲੱਖ ਵਧਾਈ



ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

CITY DENTAL CLINIC
& IMPLANT CENTRE

Dr. Harinder Pal Singh
B.D.S. (Pb.) M.I.D.A
ORO Dental Surgeon

Backside Co-op. Bank, G.T. Road, Bhogpur, Jalandhar.

Tel: Clinic 0181 5060006
Mob: 98154 57443
Email: citydentcure@yahoo.com

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ
ਪ੍ਰਗਟ ਦਿਵਸ ਦੀ ਆਪ ਸੱਭ ਨੂੰ

ਲੱਖ-ਲੱਖ ਵਧਾਈ

ESTD. 1983

ਨਿਊ ਸ਼ੰਕਰ ਦਾਸ
ਐਂਡ ਸੰਨਜ਼ ਢੋਲੀਨਾ ਵਾਲੇ

M/s Shankar Dass & Sons









ਨੋਟਿਸ: ਇਸ ਤੋਂ ਇਲਾਵਾ ਸਾਡੀ ਕੋਈ ਬ੍ਰਾਂਚ ਨਹੀਂ, ਧੋਖੇਬਾਜ਼ਾਂ ਤੋਂ ਬਚੋ।

Lal Bazar, Jalandhar City 1444001 Tel: 0181-2212832, 2281732
Mobile: 98762-22026, 98883-67861, 98889-99001

ਨੋਟ -ਇਥੇ ਹਰਿ ਸੋਹੰ, ਉਂਕਾਰ ਸ਼ਬਦ ਦੇ ਲੌਕਟ ਉਪਲਬਧ ਹਨ।